ਵੀਰਵਾਰ, 15 ਅਗਸਤ, 2024
31 ਸਾਉਣ ਨਾਨਕਸ਼ਾਹੀ 556 ਬਿਕਰਮੀ 2081
ਜਿਲਦ/VOL. : 73
ਅੰਕ/NO. : 75

# ਨਵਾਂ ਜ਼ਮਾਨਾ

DAILY NAWAN ZAMANA • THURSDAY, 15 AUGUST, 2024
ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 16

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਸੁੱਖੀ ਦੀ ਅਕਾਲੀ ਦਲ ਨੂੰ ਬਾਏ-ਬਾਏ

**ਬੰਗਾ/ਚੰਡੀਗੜ੍ਹ (ਅਵਤਾਰ ਕਲੇਰ/ਗੁਰਜੀਤ ਬਿੱਲਾ)** : ਵਿਧਾਨ ਸਭਾ ਹਲਕਾ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਤੇ ਕੋਰ ਕਮੇਟੀ ਦੇ ਮੈਂਬਰ ਡਾ. ਸੁਖਵਿੰਦਰ ਸਿੰਘ ਸੁੱਖੀ ਬੁੱਧਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਪੇਸ਼ੇ ਤੋਂ ਡਾਕਟਰ ਸੁੱਖੀ ਐੱਸ ਬੀ ਐੱਸ ਨਗਰ ਜ਼ਿਲ੍ਹੇ ਦੀ ਬੰਗਾ ਵਿਧਾਨ ਸਭਾ ਸੀਟ ਤੋਂ 2017 'ਚ ਪਹਿਲੀ ਵਾਰ ਵਿਧਾਇਕ ਚੁਣੇ ਗਏ ਸਨ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਹ ਮੁੜ ਚੁਣੇ ਗਏ।

ਸੁੱਖੀ ਨੂੰ ਆਪਣੀ ਰਿਹਾਇਸ਼ 'ਤੇ ਪਾਰਟੀ ਵਿਚ ਸ਼ਾਮਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੁੱਖੀ ਦੇ ਆਪ 'ਚ ਸ਼ਾਮਲ ਹੋਣ ਨਾਲ ਪਾਰਟੀ ਮਜ਼ਬੂਤ ਹੋਵਗੀ। ਡਾ. ਸੁੱਖੀ ਨੇ ਕਿਹਾ-ਮੈਨੂੰ ਉਸ ਵਕਤ ਜੁਆਇਨ ਕਰਵਾਇਆ ਹੈ, ਜਦੋਂ ਪਾਰਟੀ ਕੋਲ ਪਹਿਲਾਂ ਹੀ 90 ਵਿਧਾਇਕ ਹਨ। ਮੈਨੂੰ ਨਵਾਂਸ਼ਹਿਰ 'ਚ ਮੈਡੀਕਲ ਕਾਲਜ ਖੋਲ੍ਹਣ ਦਾ ਵਾਅਦਾ ਕੀਤਾ ਗਿਆ ਹੈ।

ਸੁੱਖੀ ਵਿਧਾਨ ਸਭਾ ਵਿਚ ਤਿੰਨ ਮੈਂਬਰੀ ਅਕਾਲੀ ਦਲ ਵਿਧਾਇਕ ਪਾਰਟੀ ਦੇ ਆਗੂ ਸਨ। ਹੁਣ ਸੁਖਬੀਰ ਸਿੰਘ ਬਾਦਲ ਨਾਲ ਮਜੀਠਾ ਦੀ ਵਿਧਾਇਕ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗਨੀਵ ਕੌਰ ਹੀ ਰਹਿ ਗਈ ਹੈ। ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ ਪਹਿਲਾਂ ਹੀ ਪਾਰਟੀ ਸਰਗਰਮੀਆਂ ਤੋਂ ਦੂਰ ਚੱਲ ਰਹੇ ਹਨ।

ਸੁੱਖੀ ਦੇ ਜਾਣ ਤੋਂ ਪਾਰਟੀ ਆਗੂ ਹੈਰਾਨ ਰਹਿ ਗਏ। ਉਨ੍ਹਾ ਪਾਰਟੀ ਆਗੂਆਂ ਕੋਲ ਕਦੇ ਕੋਈ ਸ਼ਿਕਾਇਤ ਸਾਂਝੀ ਨਹੀਂ ਕੀਤੀ ਸੀ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਨੇ ਉਨ੍ਹਾ ਨੂੰ ਕੋਰ ਕਮੇਟੀ ਦਾ ਮੈਂਬਰ ਵੀ ਬਣਾਇਆ ਸੀ। ਉਨ੍ਹਾ ਦਾ ਪੂਰਾ ਮਾਣ-ਤਾਣ ਕੀਤਾ ਜਾਂਦਾ ਸੀ।

ਅਯਾਲੀ ਨੇ ਕਿਹਾ ਕਿ ਸੁੱਖੀ ਦਾ ਜਾਣਾ ਅਕਾਲੀ ਦਲ ਲਈ ਵੱਡੀ ਸੱਟ ਹੈ। ਸਦਮੇ ਵਾਲੀ ਗੱਲ ਹੈ ਕਿ ਜਦੋਂ ਪਾਰਟੀ ਸੰਕਟ ਵਿਚ ਹੈ ਤਾਂ ਉਹ ਪਾਰਟੀ ਛੱਡ ਗਏ। ਪਾਰਟੀ ਲੀਡਰਸ਼ਿਪ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਵਰਕਰ ਕੀ ਕਹਿ ਰਹੇ ਹਨ ਤੇ ਕੀ ਮੰਗ ਕਰ ਰਹੇ ਹਨ। ਸਭ ਅਕਾਲੀ ਦਲ ਕਰਕੇ ਹੀ ਹਨ ਤੇ ਪਾਰਟੀ ਨੂੰ ਵਰਕਰਾਂ ਦੀਆਂ ਇੱਛਾਵਾਂ ਮੁਤਾਬਕ ਤਕੜਾ ਕਰਨ ਦੀ ਲੋੜ ਹੈ।

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅਕਾਲੀ ਦਲ ਕੋਲ ਮਹਿਜ਼ ਤਿੰਨ ਹੀ ਵਿਧਾਇਕ ਸਨ, ਜਿਨ੍ਹਾਂ ਵਿੱਚੋਂ ਮਨਪ੍ਰੀਤ ਸਿੰਘ ਅਯਾਲੀ ਵਿਧਾਨ ਸਭਾ ਚੋਣਾਂ 'ਚ ਮਿਲੀ ਨਿਰਾਸ਼ਾਜਨਕ ਹਾਰ ਦੇ ਕਾਰਨਾਂ ਲਈ ਬਣਾਈ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਦੀ ਮੰਗ ਨੂੰ ਲੈ ਕੇ ਅਤੇ ਪਾਰਟੀ 'ਚ ਆਏ ਨਿਘਾਰ ਕਰਕੇ ਪਹਿਲਾਂ ਹੀ ਪਾਰਟੀ ਦੀਆਂ ਸਰਗਰਮੀਆਂ ਤੋਂ ਦੂਰੀ ਬਣਾਈ ਬੈਠੇ ਹਨ। ਦੋਆਬਾ ਤੋਂ ਇਕਲੌਤੇ ਵਿਧਾਇਕ ਦਾ ਆਪ 'ਚ ਸ਼ਾਮਲ ਹੋਣਾ ਸਾਬਤ ਕਰਦਾ ਹੈ ਕਿ ਜਿੱਥੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਕਾਰਜਸ਼ੈਲੀ ਤੋਂ ਵਰਕਰ ਮਾਯੂਸ ਹਨ, ਉਥੇ ਚੁਣੇ ਹੋਏ ਨੁਮਾਇੰਦੇ ਵੀ ਨਿਰਾਸ਼ਾ ਦੇ ਆਲਮ ਵਿੱਚੋਂ ਗੁਜ਼ਰ ਰਹੇ ਹਨ।

ਡਾ. ਸੁੱਖੀ ਦੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ 'ਤੇ ਇਸ ਗੱਲ ਉਪਰ ਮੋਹਰ ਲੱਗ ਗਈ ਹੈ ਕਿ ਲੀਡਰਸ਼ਿਪ ਵਿਚ ਬਦਲਾਅ ਨਾਲ ਹੀ ਅਕਾਲੀ ਦਲ 'ਚ ਲੋਕਾਂ ਦਾ ਵਿਸ਼ਵਾਸ ਮੁੜ ਕਾਇਮ ਹੋ ਸਕੇਗਾ।



# ਡੋਡਾ ਦੇ ਜੰਗਲਾਂ 'ਚ ਕੈਪਟਨ ਸ਼ਹੀਦ



ਜੰਮੂ : ਡੋਡਾ ਜ਼ਿਲ੍ਹੇ ਦੇ ਉੱਚਾਈ ਵਾਲੇ ਇਲਾਕਿਆਂ 'ਚ ਦਹਿਸ਼ਤਗਰਦਾਂ ਦੀ ਭਾਲ ਲਈ ਚੱਲ ਰਹੀ ਮੁਹਿੰਮ ਦੌਰਾਨ ਬੁੱਧਵਾਰ ਥਲ ਸੈਨਾ ਦਾ ਕੈਪਟਨ ਸ਼ਹੀਦ ਹੋ ਗਿਆ, ਜਦਕਿ ਇਸ ਦੌਰਾਨ 1 ਦਹਿਸ਼ਤਗਰਦ ਮਾਰਿਆ ਗਿਆ।ਸ਼ਿਵਗੜ੍ਹ-ਅੱਸਾਰ ਪੱਟੀ 'ਚ ਲੁਕੇ ਦਹਿਸ਼ਤਗਰਦਾਂ ਦੀ ਭਾਲ ਲਈ ਸੁਰੱਖਿਆ ਬਲਾਂ ਤੇ ਪੁਲਸ ਨੇ ਇਲਾਕੇ ਦੀ ਘੇਰਾਬੰਦੀ ਕਰ ਕੇ ਸਾਂਝੀ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਸੰਘਣੇ ਜੰਗਲੀ ਖੇਤਰ 'ਚ ਦੋਵਾਂ ਵਿਚਾਲੇ ਮੁਕਾਬਲਾ ਸ਼ੁਰੂ ਹੋ ਗਿਆ। ਆਜ਼ਾਦੀ ਦਿਹਾੜੇ ਤੋਂ ਇਕ ਦਿਨ ਪਹਿਲਾਂ ਹੋਈ ਇਸ ਗੋਲੀਬਾਰੀ ਵਿਚ ਆਮ ਨਾਗਰਿਕ ਵੀ ਜ਼ਖਮੀ ਹੋ ਗਿਆ। ਮੁਕਾਬਲੇ ਵਾਲੀ ਥਾਂ ਤੋਂ ਖ਼ੂਨ ਨਾਲ ਲੱਥਪੱਥ ਚਾਰ ਬੈਗ ਬਰਾਮਦ ਕੀਤੇ ਗਏ ਹਨ। ਐੱਮ-4 ਕਾਰਬਾਈਨ ਵੀ ਬਰਾਮਦ ਕੀਤੀ ਹੈ। ਸ਼ੱਕ ਹੈ ਕਿ 4 ਹੋਰ ਦਹਿਸ਼ਤਗਰਦ ਵੀ ਮਾਰੇ ਗਏ ਹਨ। 48 ਰਾਸ਼ਟਰੀ ਰਾਈਫਲਜ਼ ਦੇ ਕੈਪਟਨ ਦੀਪਕ ਸਿੰਘ ਦੀ ਛਾਤੀ ਦੇ ਸੱਜੇ ਪਾਸੇ ਤਿੰਨ ਗੋਲੀਆਂ ਲੱਗੀਆਂ, ਪਰ ਉਹ ਗੰਭੀਰ ਹਾਲਤ ਵਿਚ ਵੀ ਆਪਣੀ ਟੀਮ ਨੂੰ ਨਿਰਦੇਸ਼ ਦਿੰਦੇ ਰਹੇ। ਬਾਅਦ ਦੀਆਂ ਰਿਪੋਰਟਾਂ ਮੁਤਾਬਕ ਜੰਮੂ-ਡੋਡਾ ਨੈਸ਼ਨਲ ਹਾਈਵੇ ਦੇ ਨੇੜੇ ਬੱਗਰ ਕੋਲ ਮੁਕਾਬਲਾ ਜਾਰੀ ਸੀ।

# ਰਜਿਸਟਰੀ ਲਈ ਐੱਨ ਓ ਸੀ ਦੀ ਸ਼ਰਤ ਖਤਮ ਕਰਨ ਨੂੰ ਹਰੀ ਝੰਡੀ

## ਵਿਧਾਨ ਸਭਾ ਦਾ ਸੈਸ਼ਨ 2 ਤੋਂ 4 ਸਤੰਬਰ ਤੱਕ

**ਚੰਡੀਗੜ੍ਹ (ਗੁਰਜੀਤ ਬਿੱਲਾ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਬੁੱਧਵਾਰ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ।ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ 2 ਸਤੰਬਰ ਨੂੰ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ ਅਤੇ ਬਾਕੀ ਤਿੰਨ ਦਿਨਾ ਕੰਮਕਾਜ ਦਾ ਫੈਸਲਾ ਬਿਜ਼ਨੈੱਸ ਐਡਵਾਈਜ਼ਰੀ ਕਮੇਟੀ ਵੱਲੋਂ ਜਲਦੀ ਕੀਤਾ ਜਾਵੇਗਾ।

ਕੈਬਨਿਟ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨ ਓ ਸੀ) ਦੀ ਸ਼ਰਤ ਨੂੰ ਸਿਧਾਂਤਕ ਤੌਰ ਉਤੇ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ। ਇਸ ਮਾਮਲੇ ਨੂੰ ਜਲਦੀ ਹੋਣ ਵਾਲੀ ਕੈਬਨਿਟ ਦੀ ਅਗਲੀ ਮੀਟਿੰਗ ਵਿੱਚ ਲਿਆਂਦਾ ਜਾਵੇਗਾ।

ਇਸ ਫੈਸਲੇ ਦਾ ਇਕੋ-ਇਕ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ, ਕਿਉਂਕਿ ਗੈਰ-ਕਾਨੂੰਨੀ ਕਾਲੋਨਾਈਜ਼ਰ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ ਉਨ੍ਹਾਂ ਨੂੰ ਬਿਨਾਂ ਪ੍ਰਵਾਨਗੀ ਵਾਲੀਆਂ ਕਲੋਨੀਆਂ ਵੇਚ ਦਿੰਦੇ ਹਨ।

ਕੈਬਨਿਟ ਨੇ ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ 2024 ਨੂੰ ਵੀ ਮਨਜ਼ੂਰੀ ਦੇ ਦਿੱਤੀ। ਬਿੱਲ ਦੇ ਕਾਨੂੰਨ ਬਣਨ ਮਗਰੋਂ ਪੰਜਾਬ ਵਿੱਚ ਇਮਾਰਤਾਂ ਦੇ ਮਾਲਕਾਂ ਤੇ ਕਾਬਜ਼ਧਾਰਕਾਂ ਨੂੰ ਵੱਡੀ ਰਾਹਤ ਮਿਲੇਗੀ, ਕਿਉਂਕਿ ਉਨ੍ਹਾਂ ਨੂੰ ਸਾਲਾਨਾ ਫਾਇਰ ਸੇਫ਼ਟੀ ਸਰਟੀਫਿਕੇਟ ਲੈਣ ਦੀ ਥਾਂ ਹੁਣ ਤਿੰਨ ਸਾਲਾਂ ਮਗਰੋਂ ਸਰਟੀਫਿਕੇਟ ਲੈਣਾ ਪਵੇਗਾ।

ਕੈਬਨਿਟ ਨੇ ਸੱਤ ਗ੍ਰਾਮ ਨਿਆਲਿਆ ਪਾਂਤੜਾ (ਪਟਿਆਲਾ), ਤਪਾ (ਬਰਨਾਲਾ), ਬੱਸੀ ਪਠਾਣਾਂ (ਫਤਿਹਗੜ੍ਹ ਸਾਹਿਬ), ਡੇਰਾ ਬਾਬਾ ਨਾਨਕ (ਗੁਰਦਾਸਪੁਰ), ਧਾਰ ਕਲਾਂ (ਪਠਾਨਕੋਟ), ਰਾਏਕੋਟ (ਲੁਧਿਆਣਾ) ਅਤੇ ਚਮਕੌਰ ਸਾਹਿਬ (ਰੂਪਨਗਰ) ਲਈ 49 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਗ੍ਰਾਮ ਨਿਆਲਿਆ ਸਥਾਪਤ ਕਰਨ ਦਾ ਮੰਤਵ ਦੇਸ਼ ਦੇ ਹਰੇਕ ਨਾਗਰਿਕ ਦੀ ਨਿਆਂ ਤੱਕ ਆਸਾਨ ਪਹੁੰਚ ਯਕੀਨੀ ਬਣਾਉਣਾ ਹੈ। ਕੈਬਨਿਟ ਨੇ ਪੰਜਾਬ ਵਿੱਚ ਰਜਿਸਟਰਡ ਟੂਰਿਸਟ ਵਾਹਨਾਂ ਉਤੇ ਮੋਟਰ ਵਾਹਨ ਟੈਕਸ ਵੀ ਘਟਾ ਦਿੱਤਾ।



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਚੰਡੀਗੜ੍ਹ ਸਥਿਤ ਰਿਹਾਇਸ਼ ਸੰਤ ਕਬੀਰ ਕੁਟੀਰ 'ਚ ਹਰ ਘਰ ਤਿਰੰਗਾ ਮੁਹਿੰਮ ਤਹਿਤ ਤਿਰੰਗਾ ਝੰਡਾ ਲਾਉਂਦੇ ਹੋਏ।

## ਬੀਚ 'ਤੇ ਸੈਲਾਨੀ ਦਾ ਕਤਲ

**ਪਣਜੀ** : ਗੋਆ ਦੀ ਬਾਗਾ ਬੀਚ 'ਤੇ ਦਿੱਲੀ ਦੇ ਸੈਲਾਨੀ ਹਰੀਸ਼ ਤੰਵਰ (20) ਦਾ ਕਤਲ ਕਰ ਦਿੱਤਾ ਗਿਆ। ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਤੰਵਰ ਉੱਤਰੀ ਗੋਆ ਜ਼ਿਲ੍ਹੇ ਦੀ ਬਾਗਾ ਬੀਚ 'ਤੇ ਬੈਠਾ ਸੀ, ਜਦੋਂ ਤਿੰਨ ਮੁਲਜ਼ਮਾਂ ਨੇ ਉਸ ਦਾ ਬੈਗ ਲੁੱਟਣ ਦੀ ਕੋਸ਼ਿਸ਼ ਕੀਤੀ। ਤੰਵਰ ਨੇ ਵਿਰੋਧ ਕੀਤਾ ਤਾਂ ਇਕ ਮੁਲਜ਼ਮ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ।

## ਥਾਈਲੈਂਡ ਦਾ ਪ੍ਰਧਾਨ ਮੰਤਰੀ ਹਟਾਇਆ

**ਬੈਂਕਾਕ** : ਥਾਈਲੈਂਡ ਦੀ ਅਦਾਲਤ ਨੇ ਪ੍ਰਧਾਨ ਮੰਤਰੀ ਸਰੇਥਾ ਥਾਵਿਸਿਨ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਨਾ ਕਰਨ ਦੇ ਦੋਸ਼ ਹੇਠ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਤੋਂ ਹਫਤਾ ਪਹਿਲਾਂ ਅਦਾਲਤ ਨੇ ਮੁੱਖ ਵਿਰੋਧੀ ਪਾਰਟੀ ਨੂੰ ਭੰਗ ਕਰ ਦਿੱਤਾ ਸੀ। ਅਦਾਲਤ ਦੇ ਇਸ ਹੁਕਮ ਨਾਲ ਥਾਈਲੈਂਡ ਦੀ ਸਿਆਸਤ 'ਚ ਹਲਚਲ ਮਚ ਗਈ ਹੈ। ਸੰਵਿਧਾਨਕ ਅਦਾਲਤ ਨੇ ਸਰੇਥਾ ਨੂੰ ਕੈਬਨਿਟ ਮੈਂਬਰ ਦੀ ਨਿਯੁਕਤੀ ਲਈ ਦੋਸ਼ੀ ਠਹਿਰਾਇਆ, ਜਿਸ ਨੂੰ ਅਦਾਲਤ ਦੇ ਅਧਿਕਾਰੀ ਨੂੰ ਰਿਸ਼ਵਤ ਦੇਣ ਦੇ ਦੋਸ਼ 'ਚ ਜੇਲ੍ਹ ਭੇਜਿਆ ਗਿਆ ਸੀ।

## ਛੁੱਟੀ ਦਾ ਐਲਾਨ

ਸਮੂਹ ਪਾਠਕਾਂ ਨੂੰ ਆਜ਼ਾਦੀ ਦਿਵਸ ਦੇ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ। 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਛੁੱਟੀ ਹੋਣ ਕਾਰਨ 'ਨਵਾਂ ਜ਼ਮਾਨਾ' ਦੇ ਸਾਰੇ ਦਫਤਰ ਬੰਦ ਰਹਿਣਗੇ, ਜਿਸ ਕਰਕੇ 16 ਅਗਸਤ ਨੂੰ 'ਨਵਾਂ ਜ਼ਮਾਨਾ' ਮਾਰਕਿਟ ਵਿੱਚ ਨਹੀਂ ਆਵੇਗਾ।

**-ਜਨਰਲ ਮੈਨੇਜਰ**

# 16 ਨੰਬਰ ਦੀ ਜਰਸੀ ਰਿਟਾਇਰ



**ਨਵੀਂ ਦਿੱਲੀ** : ਹਾਕੀ ਇੰਡੀਆ ਨੇ ਬੁੱਧਵਾਰ ਗੋਲਚੀ ਪੀਆਰ ਸ੍ਰੀਜੇਸ਼ ਦੀ 16 ਨੰਬਰ ਦੀ ਜਰਸੀ ਨੂੰ ਰਿਟਾਇਰ ਕਰਨ ਦਾ ਫੈਸਲਾ ਕੀਤਾ। ਜੂਨੀਅਰ ਟੀਮ ਦੇ ਖਿਡਾਰੀ 16 ਨੰਬਰ ਦੀ ਜਰਸੀ ਪਹਿਨਦੇ ਰਹਿਣਗੇ। ਸ੍ਰੀਜੇਸ਼ ਨੇ ਪੈਰਿਸ 'ਚ ਦੇਸ਼ ਨੂੰ ਲਗਾਤਾਰ ਦੂਜਾ ਉਲੰਪਿਕ ਕਾਂਸੀ ਤਮਗਾ ਜਿੱਤਣ 'ਚ ਅਹਿਮ ਭੂਮਿਕਾ ਨਿਭਾਉਣ ਤੋਂ ਬਾਅਦ ਖੇਡ ਤੋਂ ਸੰਨਿਆਸ ਲੈ ਲਿਆ ਹੈ। ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਇਹ ਵੀ ਐਲਾਨ ਕੀਤਾ ਕਿ 36 ਸਾਲਾ ਸ੍ਰੀਜੇਸ਼, ਜਿਸ ਨੇ ਲੱਗਭੱਗ ਦੋ ਦਹਾਕਿਆਂ ਤੋਂ 16 ਨੰਬਰ ਦੀ ਜਰਸੀ ਪਹਿਨੀ, ਜੂਨੀਅਰ ਕੌਮੀ ਕੋਚ ਦੀ ਭੂਮਿਕਾ ਨਿਭਾਏਗਾ।

# ਕਾਂਗਰਸ ਨੇ ਸਿੰਘਵੀ ਨੂੰ ਰਾਜ ਸਭਾ ਲਈ ਉਮੀਦਵਾਰ ਐਲਾਨਿਆ



**ਨਵੀਂ ਦਿੱਲੀ** : ਕਾਂਗਰਸ ਨੇ ਤਿਲੰਗਾਨਾ ਤੋਂ ਰਾਜ ਸਭਾ ਦੀ ਜ਼ਿਮਨੀ ਚੋਣ ਲਈ ਸੀਨੀਅਰ ਐਡਵੋਕੇਟ ਅਭਿਸ਼ੇਕ ਮਨੂੰ ਸਿੰਘਵੀ ਨੂੰ ਉਮੀਦਵਾਰ ਐਲਾਨਿਆ ਹੈ। ਇਹ ਸੀਟ ਕੇ. ਕੇਸ਼ਵਾ ਰਾਓ ਦੇ ਅਸਤੀਫੇ ਕਾਰਨ ਖਾਲੀ ਹੋਈ ਸੀ। ਰਾਓ 2013 ਵਿਚ ਕਾਂਗਰਸ ਛੱਡ ਕੇ ਤਿਲੰਗਾਨਾ ਰਾਸ਼ਟਰ ਸਮਿਤੀ ਵਿਚ ਜਾ ਕੇ ਰਾਜ ਸਭਾ ਮੈਂਬਰ ਬਣ ਗਏ ਸਨ। ਜੁਲਾਈ ਵਿਚ ਉਹ ਕਾਂਗਰਸ 'ਚ ਪਰਤ ਆਏ ਸਨ, ਜਿਸ ਕਰਕੇ ਉਨ੍ਹਾ ਨੂੰ ਸੀਟ ਛੱਡਣੀ ਪਈ ਸੀ।

# ਆਬਕਾਰੀ ਤੇ ਕਰ ਵਿਭਾਗ 'ਚ 15 ਨਿਯੁਕਤੀਆਂ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਇਥੇ 15 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ।ਇਹ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਵਿੱਚ ਆਬਕਾਰੀ ਤੇ ਕਰ ਵਿਭਾਗ ਦੇ 9 ਜੂਨੀਅਰ ਸਕੇਲ ਸਟੈਨੋਗ੍ਰਾਫਰ, 1 ਕਲਰਕ (ਲੇਖਾ) ਅਤੇ 1 ਕਲਰਕ ਅਤੇ ਵਿੱਤ ਵਿਭਾਗ ਦੇ ਲੋਕਲ ਆਡਿਟ ਵਿੰਗ ਦੇ 4 ਕਲਰਕ ਸ਼ਾਮਲ ਹਨ।ਚੀਮਾ ਨੇ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਵਿੱਚ ਸਿੱਧੀ ਭਰਤੀ ਰਾਹੀਂ ਵੱਖ-ਵੱਖ ਅਸਾਮੀਆਂ ਲਈ ਹੁਣ ਤੱਕ ਕੁੱਲ 436 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਉਹਨਾ ਹੁਣ ਤੱਕ ਹੋਈਆਂ ਭਰਤੀਆਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ 160 ਉਮੀਦਵਾਰ ਆਬਕਾਰੀ ਤੇ ਕਰ ਇੰਸਪੈਕਟਰ, 142 ਕਲਰਕ, 39 ਕਲਰਕ (ਲੀਗਲ), 25 ਕਲਰਕ (ਅਕਾਊਂਟ), 5 ਕਲਰਕ (ਆਈ ਟੀ), 56 ਸਟੈਨੋ /ਟਾਈਪਿਸਟ ਅਤੇ 9 ਜੂਨੀਅਰ ਸਕੇਲ ਸਟੈਨੋਗ੍ਰਾਫਰ ਵਜੋਂ ਚੁਣੇ ਗਏ ਹਨ।

# ਅੱਜ-ਨਾਮਾ

ਦੋਆਬੇ ਵਿੱਚ ਵਿਧਾਇਕ ਸੀ ਮਸਾਂ ਇੱਕੋ,
ਉਹ ਵੀ ਗਿਆ ਸੁਖਬੀਰ ਨੂੰ ਛੋੜ ਮੀਆਂ।
ਮਾਲਵੇ ਵਿੱਚ ਵੀ ਮਸਾਂ ਵਿਧਾਇਕ ਇੱਕੋ,
ਪਾਰਟੀ ਨਾਲ ਨਹੀਂ ਓਸ ਦਾ ਜੋੜ ਮੀਆਂ।
ਜੀਹਦਾ ਆਪਣਾ ਕਿਲ੍ਹਾ ਮਜ਼ਬੂਤ ਓਧਰ,
ਉਹਨੂੰ ਪਾਰਟੀ ਦੀ ਕਾਹਦੀ ਲੋੜ ਮੀਆਂ।
ਮਾਝੇ ਵਿੱਚ ਵੀ ਇੱਕ ਵਿਧਾਇਕ ਬੇਸ਼ੱਕ,
ਸਕਣਾ ਉਹ ਨਹੀਂ ਕਿਸੇ ਨੇ ਤੋੜ ਮੀਆਂ।
ਹਾਲਤ ਚੰਗੀ ਤੇ ਭਾਵੇਂ ਨਹੀਂ ਪਾਰਟੀ ਦੀ,
ਹੁੰਦਾ ਜਾਵੇ ਪਿਆ ਹੋਰ ਨੁਕਸਾਨ ਮੀਆਂ।
ਕਰਦੇ ਚਰਚਾ ਜੇ ਲੋਕ ਤਾਂ ਕਰਨ ਭਾਵੇਂ,
ਚਿੰਤਾ ਕਰਦਾ ਨਹੀਂ ਰਤਾ ਪ੍ਰਧਾਨ ਮੀਆਂ।

**-ਤੀਸ ਮਾਰ ਖਾਂ**

# ਕੇਜਰੀਵਾਲ ਦੀ ਜ਼ਮਾਨਤ ਦਾ ਮਾਮਲਾ ਟਲਿਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕਥਿਤ ਆਬਕਾਰੀ ਨੀਤੀ ਘਪਲੇ 'ਚ ਸੀ ਬੀ ਆਈ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਕੇਸ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਮ ਜ਼ਮਾਨਤ ਦੇਣ ਤੋਂ ਬੁੱਧਵਾਰ ਇਨਕਾਰ ਕਰ ਦਿੱਤਾ। ਜਸਟਿਸ ਸੂਰੀਆ ਕਾਂਤ ਅਤੇ ਉਜਲ ਭੂਈਆਂ ਦੀ ਬੈਂਚ ਨੇ ਸੀ ਬੀ ਆਈ ਵੱਲੋਂ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਬਰਕਰਾਰ ਰੱਖਣ ਵਾਲੇ ਦਿੱਲੀ ਹਾਈ ਕੋਰਟ ਦੇ ਆਦੇਸ਼ ਖਿਲਾਫ ਉਨ੍ਹਾ ਦੀ ਪਟੀਸ਼ਨ 'ਤੇ ਜਾਂਚ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਕੇਜਰੀਵਾਲ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੂੰ ਕਿਹਾ-ਅਸੀਂ ਅੰਤਰਿਮ ਜ਼ਮਾਨਤ ਨਹੀਂ ਦੇ ਰਹੇ। ਅਸੀਂ ਨੋਟਿਸ ਜਾਰੀ ਕਰਾਂਗੇ। ਅਗਲੀ ਸੁਣਵਾਈ 23 ਅਗਸਤ ਨੂੰ ਕਰਾਂਗੇ।




15-AUG-PAGE-2.qxd 8/14/2024 10:17 PM Page 1






## ਸਾਰੇ ਦੇਸ਼ ਵਾਸੀਆਂ ਨੂੰ 78ਵੇਂ

# ਸੁਤੰਤਰਤਾ ਦਿਵਸ

## ਦੀਆਂ ਲੱਖ-ਲੱਖ ਵਧਾਈਆਂ


ਹਰ ਸੁਤੰਤਰਤਾ ਦਿਵਸ 'ਤੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਪ੍ਰਣ ਲੈਂਦੀ ਹੈ ਅਤੇ ਉਹਨਾਂ ਨੂੰ ਇੱਕ-ਇੱਕ ਕਰਕੇ ਪੂਰਾ ਕਰ ਰਹੀ ਹੈ

## ਹੁਣ ਤੱਕ ਚੁੱਕੇ ਗਏ ਕ੍ਰਾਂਤੀਕਾਰੀ ਕਦਮ

- 90% ਘਰਾਂ ਦਾ ਜ਼ੀਰੋ ਬਿਜਲੀ ਬਿੱਲ
- 842 ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ, 1.7 ਕਰੋੜ ਲਾਭਪਾਤਰੀ
- 118 ਨਵੇਂ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ
- ਕਿਸਾਨਾਂ ਨੂੰ ਪ੍ਰਤੀ ਏਕੜ ₹1,500 ਦੀ ਆਰਥਿਕ ਸਹਾਇਤਾ
- ਹੁਣ ਤੱਕ ₹74,447 ਕਰੋੜ ਦੇ ਨਿਵੇਸ਼ ਨਾਲ 2.77 ਲੱਖ ਤੋਂ ਜ਼ਿਆਦਾ ਰੋਜ਼ਗਾਰ

## ਅਸਲ ਆਜ਼ਾਦੀ ਦੀ ਸ਼ੁਰੂਆਤ ਪੰਜਾਬ ਤੋਂ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ



हरियाणा सरकार
78वें
स्वतंत्रता दिवस
15 अगस्त, 2024
की हार्दिक शुभकामनाएं
"देश, 140 करोड़ देशवासी, ये मेरे भाई-बहन, मेरे परिवारजन आज आजादी का पर्व मना रहे हैं। मैं देश और दुनिया में भारत को प्यार करने वाले, भारत का सम्मान करने वाले, भारत का गौरव करने वाले कोटि-कोटि जनों को आजादी के इस महान पवित्र पर्व की अनेक-अनेक शुभकामनाएं देता हूं।"
- नरेन्द्र मोदी
सूचना, जन सम्पर्क एवं भाषा विभाग, हरियाणा
www.prharyana.gov.in | Follow us on @dipharyana

15-Aug-PAGE-4.qxd 8/14/2024 10:52 PM Page 1



# ਹਿੰਦ ਦੀ ਸ਼ਾਨ ਉੱਚੀ ਕਰਨ ਵਾਲਾ ਮੇਰਾ ਸਾਥੀ ਕਰਨੈਲ ਸਿੰਘ ਈਸੜੂ

## (ਗੋਆ ਸੱਤਿਆਗ੍ਰਹਿ ਸਮੇਂ ਆਖਰੀ ਦੋ ਦਿਨ)

### ਪੰਡਤ ਕਿਸ਼ੋਰੀ ਲਾਲ

ਕਲਿਆਣ ਸਟੇਸ਼ਨ 'ਤੇ ਬੰਬਈ ਤੋਂ ਗੱਡੀ ਵਾਪਸ ਆ ਕੇ ਪੂਨੇ ਜਾਣ ਲਈ ਰੁਕੀ। ਪਲੇਟਫਾਰਮ ਸਤਿਆਗ੍ਰੀਆਂ ਤੇ ਉਹਨਾਂ ਦੇ ਵਿਦਾ ਕਰਨ ਵਾਲਿਆਂ ਨਾਲ ਭਰਿਆ ਹੋਇਆ ਸੀ।ਮੈਂ ਆਪਣੇ ਸਾਥੀਆਂ ਸਮੇਤ ਨਾਅਰੇ ਲਾਣ ਵਾਸਤੇ ਪਲੇਟਫਾਰਮ 'ਤੇ ਉਤਰ ਆਇਆ। ਹਰ ਚੀਜ਼ ਮੂਸਲਾਧਾਰ ਬਾਰਸ਼ ਤੋਂ ਬਾਅਦ ਸਾਫ਼ ਤੇ ਧੋਤੀ ਹੋਈ ਸੀ। ਭੀੜ 'ਚੋਂ ਇਕ ਸਾਥੀ ਨਿਕਲ ਕੇ ਮੇਰੇ ਕੋਲ ਆਇਆ ਤੇ ਕਿਹਾ-ਮੈਂ ਲੁਧਿਆਣਿਓਂ ਤੁਹਾਡੇ ਜਥੇ ਵਿਚ ਸ਼ਾਮਲ ਹੋਣ ਲਈ ਆਇਆ ਹਾਂ ਤੇ ਮੇਰੇ ਨਾਲ ਇਕ ਸਾਥੀ ਹੋਰ ਹੈ। ਇਹ ਦੋਨੋਂ ਸਾਥੀ ਕਲਿਆਣੋਂ ਸਾਡੇ ਨਾਲ ਗੱਡੀ ਵਿਚ ਸਵਾਰ ਹੋ ਗਏ। ਗੱਡੀ ਰਵਾਨਾ ਹੋਈ ਤੇ ਇਕ ਸਾਥੀ ਨੇ ਕਹਿਣਾ ਸ਼ੁਰੂ ਕੀਤਾ ਮੈਂ ਜਗਰਾਉਂ ਦੇ ਬੇਸਿਕ ਸਕੂਲ ਵਿਚ ਟਰੇਨਿੰਗ ਪਾ ਰਿਹਾ ਹਾਂ। ਅੰਡਰ ਗਰਾਊਂਡ ਵੇਲੇ ਮੈਂ ਕਿਸਾਨ ਸਭਾ ਦਾ ਹੋਲਟਾਈਮਰ ਸਾਂ ਤੇ ਹੁਣ ਮੈਂ ਆਪਣੀ ਤਾਲੀਮ ਛੱਡ ਕੇ ਸਤਿਆਗ੍ਰਹਿ ਲਈ ਆਇਆ ਹਾਂ। ਸਾਰੇ ਸਾਥੀਆਂ ਨੇ ਉਹਦਾ ਸੁਆਗਤ ਕੀਤਾ।ਉਹਨੇ ਦੱਸਿਆ ਕਿ ਮੈਂ ਆਪਣਾ ਸਾਈਕਲ ਵੇਚ ਕੇ ਔਣ ਦੇ ਕਿਰਾਏ ਦਾ ਪ੍ਰਬੰਧ ਕੀਤਾ ਹੈ।ਵਾਪਸ ਜਾਣ ਦਾ ਪ੍ਰਬੰਧ ਸ਼ਾਇਦ ਜਥੇ ਨੂੰ ਕਰਨਾ ਪਵੇ। ਇਸ ਵੇਲੇ ਵਾਪਸ ਜਾਣ ਦੀ ਗੱਲ ਕੋਈ ਸੋਚ ਨਹੀਂ ਰਿਹਾ ਸੀ। ਇਸ ਗੱਡੀ ਵਿਚ ਸਾਡੇ ਨਾਲ ਕਈ ਇਕ ਉਹ ਅੰਗਹੀਣ ਸਤਿਆਗ੍ਰਹੀ ਬੈਠੇ ਸਨ, ਜਿਨ੍ਹਾਂ ਆਪਣੇ ਅੰਗ ਲੱਤਾਂ, ਬਾਹਵਾਂ ਤੇ ਇਕ ਸਾਥੀ ਨੇ ਆਪਣੀਆਂ ਅੱਖਾਂ ਇਸ ਸਤਿਆਗ੍ਰਹਿ ਦੇ ਯੱਗ 'ਚ ਅਹੂਤੀ ਦਿੱਤੀਆਂ ਸਨ। ਇਹਨਾਂ ਦੀਆਂ ਵਿਥਾਵਾਂ ਤੋਂ ਸਤਿਆਗ੍ਰਹੀਆਂ ਵਿਚ ਜੋਸ਼ ਤੇ ਗੁੱਸੇ ਦੀ ਲਹਿਰ ਦੌੜ ਰਹੀ ਸੀ।

ਇਹ ਸੱਤਿਆਗ੍ਰਹਿ ਦੀਆਂ ਕਹਾਣੀਆਂ ਸੁਣਾ ਰਹੇ ਸਨ ਤੇ ਜਗਰਾਉਂ ਦੇ ਸਕੂਲ ਮਾਸਟਰ ਆਪੇ ਤੋਂ ਬਾਹਰ ਹੁੰਦੇ ਜਾ ਰਹੇ ਸਨ। ਇਹ ਬੜੇ ਭਾਵੁਕ ਅਤੇ ਦੂਜੇ ਦੇ ਦੁੱਖ ਤੋਂ ਦੁਖੀ ਹੋਣ ਵਾਲੇ ਪ੍ਰਤੀਤ ਹੁੰਦੇ ਸਨ। ਗੱਡੀ ਵਿਚ ਗਾਣੇ ਸ਼ੁਰੂ ਹੋ ਗਏ। ਕਿਸੇ ਨੇ ਗਾਣਾ ਸ਼ੁਰੂ ਕੀਤਾ, ਮਾਸਟਰ ਜੀ ਟੱਪ ਕੇ ਉਹਦੇ ਕੋਲ ਪਹੁੰਚ ਗਏ। ਫਿਰ ਸਾਰੀ ਗੱਡੀ ਦੇਸ਼ ਭਗਤੀ ਦੇ ਗਾਣਿਆਂ ਨਾਲ ਗੂੰਜ ਉਠੀ। ਗਾਣੇ ਪੰਜਾਬੀ, ਹਿੰਦੀ, ਉਰਦੂ ਵਿਚ ਹੋ ਰਹੇ ਸਨ। ਥੋੜ੍ਹੀ ਦੇਰ ਮਾਸਟਰ ਸਾਡੇ ਜਥੇ ਦੀ ਰੂਹੇ ਰਵਾਂ ਹੋ ਗਿਆ। ਪੂਨੇ ਆ ਗਿਆ, ਪੱਤਰ ਹਾਸਲ ਕਰਨ ਤੋਂ ਬਾਅਦ ਅਸੀਂ ਬਾਂਦਾ ਲਈ ਰਵਾਨਾ ਹੋਏ। ਗੱਡੀ ਖਚਾਖਚ ਭਰੀ ਹੋਈ ਸੀ। ਰਸਤੇ ਦੀਆਂ ਔਕੜਾਂ ਅੱਜ ਕਿਸੇ ਦੇ ਸਾਹਮਣੇ ਨਹੀਂ ਸਨ। ਬੈਲਗਾਮ ਤੱਕ ਰੇਲ ਤੇ ਅੱਗੇ ਟਰੱਕਾਂ ਵਿਚ ਜਾਣਾ ਸੀ। ਬੈਲਗਾਮ ਪਤਾ ਲੱਗਾ ਕਿ ਬੰਬਈ ਦੀ ਸਰਕਾਰ ਨੇ ਸਤਿਆਗ੍ਰੀਆਂ ਲਈ ਟਰੱਕਾਂ ਦੀ ਵਰਤੋਂ ਗੈਰ-ਕਾਨੂੰਨੀ ਕਰ ਦਿੱਤੀ। ਸੱਤਿਆਗ੍ਰਹਿ ਵਿਚ ਦੋ ਦਿਨ ਬਾਕੀ ਸਨ। ਬੰਬਈ ਸਰਕਾਰ ਦੇ ਖਿਲਾਫ਼ ਸਖਤ ਨਫ਼ਰਤ ਦੀ ਲਹਿਰ ਦੌੜ ਗਈ ਅਤੇ ਸਾਰੇ ਸੱਤਿਆਗ੍ਰਹੀ ਬਾਜ਼ਾਰਾਂ ਵਿਚ ਨਿਕਲ ਆਏ। ਸੱਤਿਆਗ੍ਰਹੀਆਂ ਦਾ ਅਥਾਹ ਸਾਗਰ ਨਾਅਰੇ ਲਾਉਂਦਾ ਅਤੇ ਰੋਸ ਪ੍ਰਗਟ ਕਰਦਾ ਸੱਤਿਆਗ੍ਰਹਿ ਕੇਂਦਰ ਵਿਚ ਪੁੱਜਿਆ। ਪੰਜਾਬੀ ਜ਼ੁਬਾਨ ਦੇ ਨਾਹਰੇ ਇਸ ਮਹਾਨ ਜਲੂਸ ਦੀ ਜਿੰਦ-ਜਾਨ ਹੋ ਗਏ। ਗੁੱਸੇ ਦੇ ਇਸ ਸਮੁੰਦਰ ਵਿਚ ਮਾਸਟਰ ਦੀ ਸ਼ਖਸੀਅਤ ਉੱਘੀ ਸੀ।ਅੱਜ ਕੋਈ ਕਿਸੇ ਦੇ ਵਿਚਾਰ ਨਹੀਂ ਸੀ ਪੁੱਛਦਾ ਤੇ ਨਾ ਕੋਈ ਕਿਸੇ ਦੀ ਪਾਰਟੀ।

ਫੌਰਨ ਫੈਸਲਾ ਹੋਇਆ ਕਿ ਬੰਬਈ ਤੇ ਲਾਗੇ ਦੇ ਆਏ ਸੱਤਿਆਗ੍ਰਹੀ ਇਕ ਦਿਨ ਵਿਚ 70 ਮੀਲ ਦਾ ਪੈਂਡਾ ਤਹਿ ਕਰਨ। ਸਾਡੇ ਸਾਹਮਣੇ ਆਪਣੇ ਛੋਟੇ-ਛੋਟੇ ਬਿਸਤਰੇ ਸੰਭਾਲੀ ਬੰਬਈ ਤੋਂ ਆਇਆ ਮਜ਼ਦੂਰਾਂ ਦਾ ਜਥਾ ਮਾਸਟਰ ਜੀ ਨੂੰ ਹੁਣ ਰੋਕਣਾ ਮੁਸ਼ਕਲ ਹੋ ਗਿਆ।ਉਹਨਾਂ ਦਾ ਕਹਿਣਾ ਸੀ ਕਿ ਟਰੱਕ ਮਿਲਣਗੇ ਨਹੀਂ ਅਤੇ ਅਸੀਂ ਪੰਜਾਬੀ ਬਾਂਦਾ ਨਹੀਂ ਪਹੁੰਚ ਸਕਾਂਗੇ। ਬੜੀ ਮੁਸ਼ਕਲ ਨਾਲ ਸਾਥੀਆਂ ਨੂੰ ਰੋਕਿਆ।ਰੋਕਣ ਲਈ ਪਾਰਟੀ ਡਸਿਪਲਨ ਦਾ ਹੀ ਇਕ ਵਾਸਤਾ ਕਾਰਆਮਦ ਹਥਿਆਰ ਸੀ। ਸਾਨੂੰ ਪੰਜਾਬੀਆਂ ਨੂੰ ਆਮ ਮੁਸਾਫਰਾਂ ਦੀ ਕੁਰਬਾਨੀ ਕਰਕੇ ਲਾਰੀ ਦੇ ਟਿਕਟ ਮਿਲ ਗਏ ਅਤੇ ਅਸੀਂ ਬੰਬਈ ਦੇ ਜਥੇ ਨਾਲੋਂ ਪਹਿਲਾਂ ਬਾਂਦਾ ਪਹੁੰਚ ਗਏ। ਇਥੇ ਸੋਸ਼ਲਿਸਟ ਵੀਰ ਜਨਤਕ ਸੱਤਿਆਗ੍ਰਹਿ ਨਾ ਹੋਣ ਦੇਣ ਦੀ ਚਿੰਤਾ ਵਿਚ ਆਏ ਹੋਏ ਸੱਤਿਆਗ੍ਰਹੀਆਂ ਨੂੰ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਬਾਹਰ ਭੇਜ ਰਹੇ ਸਨ।ਇਸ ਦੇ ਖਿਲਾਫ਼ ਜਹਾਦ ਸ਼ੁਰੂ ਹੋਇਆ ਅਤੇ ਜਨਤਕ ਸੱਤਿਆਗ੍ਰਹਿ ਕਰਨ ਲਈ ਪ੍ਰਚਾਰ ਸ਼ੁਰੂ ਹੋਇਆ। ਕੁਝ ਦੇਰ ਵਿਚ ਹੀ ਹਵਾ ਬਦਲ ਗਈ। ਕੈਂਪ ਦੀ ਇੰਚਾਰਜ ਇਕ ਇਸਤਰੀ ਸੀ, ਜੋ ਮਾਸ ਸੱਤਿਆਗ੍ਰਹਿ ਦੀ ਨੀਤੀ ਦੇ ਫੇਲ੍ਹ ਹੋਣ 'ਤੇ ਬੜੀ ਖੁਸ਼ ਸੀ। ਦਿੱਲੀ ਤੇ ਪੰਜਾਬ ਦੇ ਜਥੇ ਨੇ ਹਵਾ ਬਦਲ ਦਿੱਤੀ, ਜਿਸ 'ਤੇ ਉਹ ਸਖਤ ਨਾਰਾਜ਼ ਹੋਈ।

ਮੈਂ ਤੇ ਮਾਸਟਰ ਜੀ ਕੋਲ-ਕੋਲ ਬੈਠੇ ਸਾਂ। ਇਸ ਰਾਤ ਦੀਆਂ ਘਟਨਾਵਾਂ ਲਿਖਣ ਲਈ ਦਫ਼ਤਰ ਚਾਹੀਦਾ ਹੈ।ਜਿਸ ਦਿਨ ਸਵੇਰ ਹੋਈ-ਝੰਡਾ ਪੂਜਣ ਤੋਂ ਬਾਅਦ ਜਥਾ ਰਵਾਨਾ ਹੋਇਆ। ਪੰਜਾਬੀ ਜਿਨ੍ਹਾਂ ਨੇ ਅੱਗੇ ਜਥਿਆਂ 'ਤੇ ਗੋਲੀਆਂ ਚਲਦੀਆਂ ਦੇਖੀਆਂ ਸਨ, ਉਨ੍ਹਾਂ ਦੇ ਮਨ 'ਚ ਇਕੋ ਫ਼ਿਕਰ ਸੀ ਕਿ ਭਾਜੜ ਨਾ ਮਚੇ, ਜੱਥਾ ਟਿਕ ਜਾਵੇ। ਅੱਜ ਕੁਲ ਸੰਸਾਰ ਇਸ ਸੱਤਿਆਗ੍ਰਹਿ ਵੱਲ ਦੇਖ ਰਿਹਾ ਹੈ।

ਭਾਰਤ ਦਾ ਮਾਣ-ਅਪਮਾਨ ਇਹਨਾਂ ਆਏ ਮਜ਼ਦੂਰਾਂ ਤੇ ਕਿਸਾਨਾਂ ਦੇ ਕੰਧਿਆਂ 'ਤੇ ਹੈ। ਅਸਾਂ ਆਪਣੇ ਅਜ਼ਮਾਏ ਹੋਏ ਆਦਮੀ ਇਕ ਇਕ ਲਾਈਨ ਛੱਡ ਕੇ ਹਰ ਪਹਿਲੀ ਲਾਈਨ ਵਿੱਚ ਖੜ੍ਹੇ ਕੀਤੇ, ਜਿਸ ਪਾਸਿਉਂ ਗੋਲੀ ਆਉਣੀ ਸੀ। ਜੇ ਭਾਜੜ ਮਚੇ ਤਾਂ ਰੋਕ ਸਕਣ। ਮਾਸਟਰ ਜੀ ਭਾਵੁਕ ਹੋਣ ਕਰਕੇ ਮੈਂ ਬਾਹਰਵੀਂ ਲਾਈਨ ਦੇ ਪਹਿਲੇ ਆਦਮੀਆਂ ਵਿਚ ਖੜ੍ਹੇ ਕੀਤੇ। ਇਹ ਪਹਿਲੀਆਂ ਲਾਈਨਾਂ ਵਿਚ ਖੜ੍ਹੇ ਹੋਣ ਲਈ ਜੂਝਦੇ ਰਹੇ ਅਤੇ ਮੇਰੇ ਨਾਲ ਪਿੱਛੇ ਖੜ੍ਹੇ ਕੀਤੇ ਜਾਣ 'ਤੇ ਸਖ਼ਤ ਨਾਰਾਜ਼ ਸਨ।ਨਾਲ ਜਾਣ ਵਾਲੇ ਲੋਕ ਰੁਕ ਗਏ ਤੇ ਜਥਾ ਸਰਹੱਦ ਪਾਰ ਕਰ ਗਿਆ।

ਗੋਲੀ ਸ਼ੁਰੂ ਹੋਈ, ਜਿਵੇਂ ਦੀਵਾਲੀ ਵਿਚ ਪਟਾਕੇ ਚੱਲ ਰਹੇ ਹੋਣ।ਝੰਡੇ ਵਾਲਾ ਜਥਾ ਕੁਝ ਰੁਕਿਆ, ਕਿਉਂਕਿ ਗੋਲੀਆਂ ਇਹਨਾਂ ਦੇ ਪੱਟਾਂ ਵਿਚ ਲੱਗੀਆਂ ਸਨ। ਹੁਣ ਸਾਨੂੰ ਲੇਟ ਜਾਣ ਦਾ ਹੁਕਮ ਹੋ ਗਿਆ। ਮੈਂ ਪਹਿਲੀ ਲਾਈਨ ਦਾ ਪਹਿਲਾ ਆਦਮੀ ਸਾਂ। ਮੈਥੋਂ ਅੱਗੇ ਸਿਰਫ਼ ਝੰਡਾ ਸਾਡਾ ਲੀਡਰ ਤੇ ਉਹਨਾਂ ਦੇ ਰਖਸ਼ਕ ਸਨ, ਜੋ ਚਾਰ-ਚਾਰ ਦੀਆਂ ਚਾਰ ਲਾਈਨਾਂ ਸਨ। ਗੋਲੀ ਬਾਰਸ਼ ਦੀ ਤਰ੍ਹਾਂ ਲੇਟੇ ਹੋਏ ਸਾਥੀਆਂ ਦੇ ਸਿਰਾਂ ਤੋਂ ਲੰਘ ਰਹੀ ਸੀ। ਸਾਡਾ ਫਿਕਰ ਫਜ਼ੂਲ ਸੀ- ਕੋਈ ਹਿਲਿਆ ਨਹੀਂ। ਸਾਡਾ ਝੰਡਾ ਜਿਸ 'ਤੇ ਸਾਰਿਆਂ ਦੀਆਂ ਅੱਖਾਂ ਸਨ, ਗੋਲੀ ਨਾਲ ਸਾਥੀ ਮਧੂਕਰ ਦੇ ਜ਼ਖਮੀ ਹੋ ਜਾਣ ਨਾਲ ਗਿਰ ਗਿਆ। ਇਕ ਇਸਤਰੀ ਲਾਈਨਾਂ ਨੂੰ ਚੀਰਦੀ ਹੋਈ ਝੰਡਾ ਚੁੱਕਣ ਲਈ ਦੌੜੀ। ਦੋ ਗੋਲੀਆਂ ਇਸ ਦੀ ਉਸ ਬਾਂਹ ਵਿਚੋਂ ਲੰਘ ਗਈਆਂ, ਜਿਸ ਨਾਲ ਉਹ ਝੰਡਾ ਚੁੱਕਣਾ ਚਾਹੁੰਦੀ ਸੀ। ਸਾਡੇ ਸੱਜੇ ਇਕ ਪੁਰਤਗੀਜ ਕੋਈ 20 ਗਜ਼ ਤੋਂ ਥਿਰੀ ਨਟ ਥਿਰੀ ਦੀ ਗੋਲੀ ਚਲਾ ਰਹੀ ਸੀ।ਇਸੇ ਨੇ ਇਸ 'ਤੇ ਹਮਲਾ ਕੀਤਾ ਸੀ। ਗਿਰਦੀ ਹੋਈ ਭਾਰਤ ਦੀ ਇਸ ਵੀਰ ਸਪੁੱਤਰੀ ਨੂੰ ਸਾਂਭਣ ਲਈ ਡਸਿਪਲਨ ਤੋੜਦਾ ਹੋਇਆ ਸਾਡਾ ਲੀਡਰ ਸਾਥੀ ਚਿਤਲੇ ਖੜਾ ਹੋ ਗਿਆ। ਬਰਾਂਡੇ ਵਾਲੀ ਬੰਦੂਕ ਦਾ ਮੂੰਹ ਹੁਣ ਇਸ ਦੀ ਛਾਤੀ 'ਤੇ ਸੀ। ਮੇਰੇ ਨਾਲ ਦੀ ਦੌੜਦਾ ਹੋਇਆ ਇਕ ਸਾਥੀ ਇਸ ਤੋੜੀ ਪਹੁੰਚਿਆ ਤੇ ਇਸ ਨੂੰ ਧੱਕਾ ਮਾਰ ਕੇ ਜ਼ਮੀਨ 'ਤੇ ਸੁਟਦਾ ਹੋਇਆ ਅਗੇ ਵਧਿਆ। ਧੱਕਾ ਮਾਰਨ ਦੇ ਵਕਤ ਇਹ ਦਾ ਮੂੰਹ ਬਰਾਂਡੇ ਵੱਲ ਹੋ ਗਿਆ ਸੀ ਅਤੇ ਉਹ ਗੋਲੀਆਂ, ਜੋ ਕਿ ਲੀਡਰ ਲਈ ਸਨ, ਇਹਦੀ ਛਾਤੀ ਵਿਚੋਂ ਪਾਰ ਹੋ ਗਈਆਂ। ਗੋਲੀ ਲੱਗਣ ਤੋਂ ਬਾਅਦ ਉਹ ਚਾਰ ਕਦਮ ਅੱਗੇ ਉਛਲ ਕੇ ਡਿੱਗਾ। ਸਾਥੀ ਚਿਤਲੇ ਦੇ ਰਖਸ਼ਕਾਂ ਨੇ ਉਸ ਨੂੰ ਦਬਾ ਲਿਆ।ਗਿਰਨ ਵਾਲਾ ਇਹੀ ਕਰਨੈਲ ਸਿੰਘ ਸੀ।

ਭਾਰਤ ਦੀ ਸ਼ਾਨ ਨੂੰ ਉਚਾ ਰੱਖਣ ਲਈ ਹਮੇਸ਼ਾ ਦੀ ਨੀਂਦ ਸੌਂ ਗਿਆ।ਸਰੀਰ ਦੇ ਕੇ ਸਦਾ ਲਈ ਜੀਵਤ ਹੋ ਗਿਆ। ਇਹ ਮੇਰੇ ਕੋਲੋਂ ਦਸ ਗਜ਼ ਅੱਗੇ ਡਿਗਿਆ ਸੀ। ਮੈਂ ਸਾਥੀ ਚਿਤਲੇ ਕੋਲੋਂ ਹੁੰਦਾ ਹੋਇਆ ਜਿਹੜਾ ਕਿ ਆਪਣੇ ਰਖਸ਼ਕਾਂ ਥੱਲਿਓਂ ਨਿਕਲਣ ਲਈ ਸਖਤ ਯਤਨ ਕਰ ਰਿਹਾ ਸੀ-ਮਾਨੋ ਉਹ ਕਿਸੇ ਪਾਗਲ ਨੂੰ ਦਬਾਈ ਬੈਠੇ ਹੋਣ, ਜਿਹੜਾ ਉਹਨਾਂ ਕੋਲੋਂ ਛੁਡਾ ਕੇ ਨਸ ਜਾਣਾ ਚਾਹੁੰਦਾ ਹੈ-ਲੰਘਦਾ ਹੋਇਆ ਕਰਨੈਲ ਸਿੰਘ ਵੱਲ ਵਧਿਆ। ਇਹਦੇ ਚਿਹਰੇ ਦਾ ਰੰਗ ਜ਼ਰਾ ਨਹੀਂ ਸੀ ਬਦਲਿਆ ਅਤੇ ਹੋਰ ਸੱਤਿਆਗ੍ਰੀਆਂ ਦੀ ਤਰ੍ਹਾਂ ਇਹ ਅਗੇ ਵਧਣ ਦੇ ਹੁਕਮ ਦੀ ਇੰਤਜ਼ਾਰ ਵਿਚ ਲੇਟਿਆ ਹੋਇਆ ਸੀ। ਇਕ ਵਾਰ ਫ਼ਿਰ ਮਧੂਕਰ ਨੇ ਝੰਡਾ ਝੁਕਿਆ। ਇਸ ਵਾਰ ਗੋਲੀ ਗਰਦਨ ਦੇ ਕਰੀਬ ਕੰਧੇ ਨੂੰ ਚੀਰਦੀ ਹੋਈ ਨਿਕਲ ਗਈ ਸੀ। ਹੁਣ ਤੱਕ ਮਧੂਕਰ ਦੇ ਸੱਤ ਗੋਲੀਆਂ ਲੱਗ ਚੁੱਕੀਆਂ ਸਨ।ਆਖਰੀ ਗੋਲੀ ਮਧੂਕਰ ਦੇ ਮੱਥੇ ਵਿਚ ਲੱਗੀ ਅਤੇ ਝੰਡਾ, ਜਿਹੜਾ ਕਿ ਉਹਨੇ ਲੰਮੇ ਪਏ ਹੋਏ ਸੱਜੇ ਪਾਸੇ ਛਾਤੀ ਨਾਲ ਲਾਇਆ ਹੋਇਆ ਸੀ, ਹੁਣ ਟੇਢਾ ਹੋ ਗਿਆ।ਨਾਅਰੇ ਬੰਦ ਹੋ ਗਏ। ਸਾਨੂੰ ਸਰਹੱਦ ਤੋਂ ਹੁਕਮ ਹੋਇਆ ਕਿ ਪਿੱਛੇ ਮੁੜ ਆਓ। ਇਹ ਸਾਰਾ ਵਾਕਿਆ ਕੋਈ ਪੌਣੇ ਘੰਟੇ ਤੱਕ ਜਾਰੀ ਰਿਹਾ।ਗੋਲੀ ਬੰਦ ਹੋਈ। ਅਸੀਂ ਆਪਣੇ ਜ਼ਖਮੀ ਅਤੇ ਦੋ ਸ਼ਹੀਦਾਂ ਨੂੰ ਲੈ ਕੇ ਪਿੱਛੇ ਹਟੇ। ਹੁਣ ਹਰ ਇਕ ਦੀ ਜ਼ਬਾਨ 'ਤੇ ਕਰਨੈਲ ਸਿੰਘ ਤੇ ਮਧੂਕਰ ਦਾ ਨਾਂਅ ਸੀ। ਕਰਨੈਲ ਸਿੰਘ, ਇਕ ਮਾਸਟਰ ਇਕ ਏਨੀ ਵੱਡੀ ਮਹਾਨ ਪਦਵੀ ਪਾ ਗਿਆ, ਜਿਸ ਦਾ ਵਰਨਣ ਨਹੀਂ ਹੋ ਸਕਦਾ।ਅੱਜ ਕੋਈ ਨਹੀਂ ਪੁਛਦਾ ਕਿ ਇਹ ਦੋਨੋਂ ਸ਼ਹੀਦ ਕਿਸ ਪਾਰਟੀ ਦੇ ਹਨ।ਇਨ੍ਹਾਂ ਦੇ ਕੀ ਵਿਚਾਰ ਹਨ। ਹਰ ਇਕ ਫੁੱਲ ਚੜ੍ਹਾਂਦਾ ਸੀ। ਪੈਰਾਂ ਦੀ ਮਿੱਟੀ ਮੱਥੇ ਨੂੰ ਲਾਣਾ ਮਾਣ ਸਮਝਦਾ ਸੀ।

ਹੁਣ ਵਾਪਸ ਜਾਣ ਦੇ ਪ੍ਰਬੰਧ ਦੀ ਗੱਲ ਸਾਹਮਣੇ ਆਈ। ਕਲਿਆਣ ਦੇ ਸਟੇਸ਼ਨ 'ਤੇ ਮਾਸਟਰ ਦੀ ਕਹੀ ਹੋਈ ਗੱਲ ਕਿ ਵਾਪਸ ਜਾਣ ਦਾ ਪ੍ਰਬੰਧ ਜਥੇ ਨੂੰ ਕਰਨਾ ਪਵੇਗਾ, ਪੱਥਰ 'ਤੇ ਲਕੀਰ ਹੋ ਗਈ। ਮਹਾਂ ਰਾਸ਼ਟਰ ਸੰਮਤੀ ਨੇ ਲਾਸ਼ਾਂ ਨੂੰ ਬੰਬਈ ਤੱਕ ਪੁਚਾਉਣ ਦਾ ਯਕੀਨ ਦਿਲਾਇਆ, ਪਰ ਭਾਰਤ ਤੇ ਬੰਬਈ ਸਰਕਾਰ ਨੂੰ ਇਹ ਮਨਜ਼ੂਰ ਨਹੀਂ ਸੀ। ਅਸੀਂ ਬੜੀ ਮੁਸ਼ਕਲ ਨਾਲ ਕਰਨੈਲ ਸਿੰਘ ਦੀ ਲਾਸ਼ ਨੂੰ ਪੂਨੇ ਤੱਕ ਲਿਆ ਸਕੇ ਅਤੇ ਇਹ ਵੀ ਟਰੱਕ ਡਰਾਈਵਰ ਦੀ ਚਤੁਰਾਈ ਨਾਲ, ਜਿਹਦਾ ਖਿਆਲ ਸੀ ਕਿ ਤੁਹਾਨੂੰ ਬੈਲਗਾਮ ਤੋਂ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਪੂਨੇ ਇਕ ਮਹਾਨ ਹੜਤਾਲ ਤੋਂ ਬਾਅਦ ਅਤੇ ਸਾਰੇ ਸ਼ਹਿਰੀ ਨਿਵਾਸੀਆਂ ਦੇ ਰੋਸ ਤੋਂ ਬਾਅਦ ਲਾਸ਼ਾਂ ਅੱਗੇ ਲਿਜਾਣ ਦੀ ਆਗਿਆ ਨਾ ਮਿਲਣ 'ਤੇ ਲਾਸ਼ਾਂ ਉਥੇ ਹੀ ਅਗਨੀ ਦੇ ਭੇਟ ਕੀਤੀਆਂ ਗਈਆਂ।

ਇੱਥੋਂ ਦੇ ਸਤਿਆਗ੍ਰਹਿ ਕੈਂਪ 'ਤੇ ਹਿੰਦੂ ਸਭਾ ਦਾ ਕਬਜ਼ਾ ਸੀ। ਇਥੇ ਪਹਿਲੀ ਵਾਰ ਪਾਰਟੀ ਅਤੇ ਵਿਚਾਰ ਸਾਹਮਣੇ ਆਏ 'ਕੇਸਰੀ' ਦਫ਼ਤਰ ਵਿਚ, ਜਦ ਮੈਂ ਦੱਸਿਆ ਕਿ ਤਿੰਨ ਸ਼ਹੀਦਾਂ ਵਿਚੋਂ ਦੋ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ ਤੇ ਇਕ ਜੋ ਹਸਪਤਾਲ ਵਿਚ ਜਾ ਕੇ ਸ਼ਹੀਦ ਹੋਇਆ, ਜਨ ਸੰਘੀ ਸੀ। ਕੈਂਪ ਦੇ ਇੰਚਾਰਜ ਨੂੰ ਸਖਤ ਦੁੱਖ ਲੱਗਾ ਤੇ ਇਹਨਾਂ ਅਸਥੀਆਂ ਦੇਣ ਤੋਂ ਵੀ ਇਨਕਾਰੀ ਕੀਤਾ ਤੇ ਅਖੀਰ ਤੱਕ ਕਹਿੰਦੇ ਰਹੇ ਕਿ ਕਰਨੈਲ ਸਿੰਘ ਤੇ ਮਧੂਕਰ ਕਮਿਊਨਿਸਟ ਨਹੀਂ ਸਨ। ਜੇ ਦਿੱਲੀ ਦਾ ਜਥਾ ਵਿਚ ਨਾ ਪੈਂਦਾ ਤਾਂ ਇਹਨਾਂ ਦਾ ਪਲੈਨ ਸੀ ਕਿ ਇਕ ਆਦਮੀ ਚੁੱਪ-ਚਾਪ ਜਾ ਕੇ ਕਰਨੈਲ ਸਿੰਘ ਦੀਆਂ ਅਸਥੀਆਂ ਉਹਦੇ ਪਿੰਡ ਈਸੜੂ ਦੇ ਆਵੇ।ਹਿੰਦੂ ਸਭਾ ਤੇ ਇਹਨਾਂ ਦੇ ਕਾਰਜਕਰਤਾਵਾਂ ਦੀ ਇਹ ਤੰਗਦਿਲੀ ਸਭ ਨੂੰ ਬੁਰੀ ਲੱਗੀ। ਦਿੱਲੀ ਦੇ ਜਨ ਸੰਘੀ ਨੇਤਾਵਾਂ ਨੇ ਅਸਥੀਆਂ ਦੇਣ 'ਤੇ ਉਹਨਾਂ ਨੂੰ ਮਜਬੂਰ ਕੀਤਾ।ਹਿੰਦੂ ਸਭਾ ਦੇ ਇਹ ਨੇਤਾ ਅੱਜ ਮੈਨੂੰ ਦੁੱਖ ਨਾਲ ਲਿਖਣਾ ਪੈਂਦਾ ਹੈ, ਇਸ ਸਾਰੇ ਸੱਤਿਆਗ੍ਰਹਿ ਨੂੰ ਆਪਣੀਆਂ ਚੋਣਾਂ ਲਈ ਵਰਤਣਾ ਚਾਹੁੰਦੇ ਸਨ। ਕਮਿਊਨਿਸਟਾਂ ਦਾ ਮਾਣ ਵਧ ਰਿਹਾ ਹੈ। ਉਹ ਇਸ ਤੋਂ ਕਾਫ਼ੀ ਦੁਖੀ ਸਨ। ਇਕ ਛੋਟੀ ਜਿਹੀ ਸਿਰੋਮਨੀ ਨਾਲ ਇਕ ਪੁਰਾਣੇ ਨੈਸ਼ਨਲ ਫਲੈਗ ਵਿਚ ਬੰਨ੍ਹੀਆਂ ਅਸਥੀਆਂ ਮੇਰੇ ਹਵਾਲੇ ਕੀਤੀਆਂ ਗਈਆਂ। ਠੀਕ ਇਹਨਾਂ ਹੀ ਪੌੜੀਆਂ ਥੱਲੇ ਅਤੇ ਇਸੇ ਜਗ੍ਹਾ ਅਸੀਂ ਰਜਿਸਟਰ ਹੋਏ ਸਾਂ ਅਤੇ ਸੱਤਿਆਗ੍ਰਹਿ ਦੀਆਂ ਕਸਮਾਂ ਖਾਧੀਆਂ ਸਨ। ਠੀਕ ਉਸੇ ਜਗ੍ਹਾ 'ਤੇ ਖੜੇ ਜਿਥੇ ਮੈਂ ਇਹ ਸਿਪਾਹੀ ਸੱਤਿਆਗ੍ਰਹਿ ਲਈ ਪੇਸ਼ ਕੀਤਾ ਸੀ। ਅਸਥੀਆਂ ਦੀ ਇਕ ਗਠੜੀ ਮੇਰੇ ਫੈਲਾਏ ਹੱਥਾਂ 'ਤੇ ਰੱਖ ਦਿੱਤੀ ਗਈ।ਮੈਂ ਉਹਨਾਂ ਅਸਥੀਆਂ ਨੂੰ ਚੁੰਮਦੇ ਹੋਏ ਜਗਤਾਰ ਦੇ ਹਵਾਲੇ ਕੀਤੀਆਂ। ਇਹਨਾਂ ਨੂੰ ਇਹੀ ਸਾਡਾ ਕਰਨੈਲ ਸੀ, ਜਿਹਦੇ ਨਾਲ ਕਲਿਆਣ ਸਟੇਸ਼ਨ 'ਤੇ ਸਮੁੱਚੇ ਜਥੇ ਨੇ ਵਾਅਦਾ ਕੀਤਾ ਸੀ ਕਿ ਜੇ ਵਾਪਸ ਆਏ ਤੈਨੂੰ ਪੰਜਾਬ ਪੁਚਾਣ ਦਾ ਪ੍ਰਬੰਧ ਕਰਾਂਗੇ। ਹਿੰਦੂ ਸਭਾ ਦੇ ਲੀਡਰਾਂ ਦੀ ਤੰਗਦਿਲੀ ਤੇ ਸਾਥੀ ਦਾ ਵਿਛੋੜਾ ਦੋਨੋਂ ਮਨ 'ਤੇ ਭਾਰੂ ਸਨ। ਅਸੀਂ ਉਹ ਕਰਨੈਲ, ਜੋ ਕਮਿਊਨਿਸਟ ਪਾਰਟੀ ਦਾ ਸਿਪਾਹੀ ਸੀ। ਭਾਰਤ ਦੇ ਜਥੇ ਤੇ ਆਪਣੇ ਨੇਤਾ ਦੇ ਮਾਣ ਨੂੰ ਕਾਇਮ ਰੱਖਣ ਲਈ ਜਿਸ ਨੇ ਆਪਣੇ ਸਰੀਰ ਦੀ ਅਹੁਤੀ ਦਿੱਤੀ, ਉਹਦੀਆਂ ਅਸਥੀਆਂ ਨੂੰ ਕੇ ਪੰਜਾਬ ਲਈ ਰਵਾਨਾ ਹੋਏ।

*(16 ਅਗਸਤ, 1958, ਪੰਨਾ 9, 'ਨਵਾਂ ਜ਼ਮਾਨਾ')*

---

## ਭੁੱਲਿਆ-ਵਿੱਸਰਿਆ ਨਾਇਕ

# ਗ਼ਦਰੀ ਬਾਬਾ ਜਗਤ ਰਾਮ

### ਚਰੰਜੀ ਲਾਲ ਕੰਗਣੀਵਾਲ

ਪੰਡਤ ਜਗਤ ਰਾਮ ਗ਼ਦਰ ਪਾਰਟੀ ਦੇ ਮੁਖੀਆਂ ਵਿਚੋਂ ਇਕ ਸਨ। ਉਹ ਅਮਰੀਕਾ ਵਿਚ ਉਚੇਰੀ ਪੜ੍ਹਾਈ ਲਈ ਗਏ, ਪਰ ਉਥੋਂ ਦੇ ਆਜ਼ਾਦ ਵਾਤਾਵਰਣ ਅਤੇ ਲਾਲਾ ਹਰਦਿਆਲ ਦੀ ਸੰਗਤ ਹੋਣ ਨਾਲ ਉਹ ਗ਼ਦਰੀ ਸਾਥੀਆਂ ਨਾਲ ਭਾਰਤ ਆ ਕੇ ਇਨਕਲਾਬੀ ਸਰਗਰਮੀਆਂ ਵਿੱਚ ਰੁਝ ਗਏ। ਮੌਤ ਦੀ ਸਜ਼ਾ ਪਾਉਣ ਵਾਲੇ 24 ਗ਼ਦਰੀਆਂ ਵਿਚ ਸ਼ਾਮਲ ਸਨ, ਪਿਛੋਂ ਮੌਤ ਦੀ ਸਜ਼ਾ ਉਮਰ ਕੈਦ ਜਲਾਵਤਨੀ ਵਿਚ ਬਦਲੀ ਗਈ, ਜਿਸ ਨੂੰ ਅੰਡੇਮਾਨ ਜੇਲ੍ਹ ਵਿਚ ਭੁਗਤਿਆਂ ਉਹ ਬਹੁਤ ਕਮਜ਼ੋਰ ਹੋ ਗਏ, ਰਿਹਾਅ ਹੋ ਕੇ ਉਹ ਫਿਰ ਆਜ਼ਾਦੀ ਲਈ ਸਰਗਰਮ ਰਹੇ।

ਪੰਡਤ ਜਗਤ ਰਾਮ ਦਾ ਜਨਮ ਹਰਿਆਣਾ (ਹੁਸ਼ਿਆਰਪੁਰ) ਵਿਚ ਸੰਨ 1887 ਵਿਚ ਸ੍ਰੀ ਦਿੱਤਾ ਰਾਮ ਦੇ ਘਰ ਹੋਇਆ। ਹਰਿਆਣਾ ਦੇ ਸਕੂਲ ਵਿੱਚੋਂ ਦਸਵੀਂ ਪਾਸ ਕਰਕੇ ਡੀ ਏ ਵੀ ਕਾਲਜ ਲਾਹੌਰ ਵਿਚ ਦਾਖਲ ਹੋਏ। ਇਸੇ ਸਮੇਂ ਹੋਏ ਵਿਆਹ ਤੋਂ ਛੇਤੀਂ ਪਿੱਛੋਂ ਪੜ੍ਹਾਈ ਵਿਚਾਲੇ ਛੱਡ ਕੇ ਨਵੰਬਰ 1911 ਵਿਚ ਉਹ ਅਮਰੀਕਾ ਵਿਚ ਪੜ੍ਹਨ ਲਈ ਚਲੇ ਗਏ। ਲਾਲਾ ਹਰਦਿਆਲ ਦੇ ਨਾਲ ਸੰਪਰਕ ਹੋਣ 'ਤੇ ਉਸ ਨੇ ਜਗਤ ਰਾਮ ਨੂੰ ਦੱਸਿਆ ਕਿ ਕੈਲੇਫੋਰਨੀਆਂ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਪੰਜਾਬੀ ਭਾਈ ਜਵਾਲਾ ਸਿੰਘ ਠੱਠੀਆਂ, ਸੰਤ ਵਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ, ਰੂੜ ਸਿੰਘ ਚੂਹੜ ਚੱਕ ਆਦਿ ਦੇਸ਼ ਦੀ ਆਜ਼ਾਦੀ ਲਈ ਦਿਲਚਸਪੀ ਰੱਖਦੇ ਹਨ। ਸੈਕਰਾਮੈਂਟੋ ਵਿਚ ਗ਼ਦਰ ਪਾਰਟੀ ਵਲੋਂ ਇਕ ਕਾਨਫ੍ਰੰਸ ਦਸੰਬਰ 1913 ਵਿਚ ਰੱਖੀ ਗਈ, ਜਿਸ ਵਿਚ ਕੈਲੇਫੋਰਨੀਆਂ ਦੇ ਭਾਈ ਜੁਆਲਾ ਸਿੰਘ, ਸੰਤੋਖ ਸਿੰਘ, ਨਿਧਾਨ ਸਿੰਘ, ਚੰਨਣ ਸਿੰਘ ਚੂਹੜ ਚੱਕ, ਕਰਮ ਸਿੰਘ ਚੀਮਾ ਆਦਿ ਸ਼ਾਮਲ ਸਨ। ਇਸ ਵਿਚ ਸਰਬ ਅਮਰੀਕਾ ਦੀ ਪਾਰਟੀ ਬਣਾਉਣ ਦਾ ਫੈਸਲਾ ਹੋਇਆ ਤੇ ਨਵੀਂ ਚੋਣ ਕੀਤੀ ਗਈ। ਇਸ ਤੋਂ ਪਹਿਲਾਂ ਔਰੇਗਾਨ ਸੂਬੇ ਦੇ ਆਸਟੋਰੀਆ ਵਿਚ ਗ਼ਦਰ ਪਾਰਟੀ ਦਾ (ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ) ਗਠਨ ਹੋ ਚੁੱਕਾ ਸੀ।

ਸੈਕਰਾਮੈਂਟੋਂ ਵਿਚ ਹੋਏ ਇਕੱਠ ਵਿਚ ਕੈਲੇਫੋਰੀਆਂ ਸੂਬੇ ਵਿਚੋਂ ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਚੁਣੇ ਗਏ ਅਤੇ ਇੰਤਜ਼ਾਮੀਆਂ ਕਮੇਟੀ ਵਿਚ ਭਾਈ ਸੰਤੋਖ ਸਿੰਘ, ਕਰਤਾਰ ਸਿੰਘ ਸਰਾਭਾ, ਰੂੜ੍ਹ ਸਿੰਘ, ਪ੍ਰਿਥਵੀ ਸਿੰਘ, ਜਗਤ ਰਾਮ, ਕਰਮ ਸਿੰਘ ਚੀਮਾ, ਮੁਣਸ਼ੀ ਰਾਮ, ਨਿਧਾਨ ਸਿੰਘ ਚੁੱਘਾ ਲਏ ਗਏ। ਇਸ ਤਰ੍ਹਾਂ ਹੁਣ ਗ਼ਦਰ ਪਾਰਟੀ ਦਰਿਆ ਕੋਲੰਬੀਆ ਦੇ ਮੰਡ ਵਿਚੋਂ ਪੁੰਗਰ ਕੇ ਅਮਰੀਕਾ ਪੱਧਰ ਦੀ ਬਣ ਗਈ ਸੀ। ਪਾਰਟੀ ਫੰਡ ਲਈ ਜਗਤ ਰਾਮ ਤੇ ਕਰਤਾਰ ਸਿੰਘ ਸਰਾਭਾ ਵਲੋਂ ਅਣਥੱਕ ਯਤਨਾਂ ਦੇ ਫਲਸਰੂਪ ਕੈਲੇਫੋਰਨੀਆਂ ਦੇ ਵੁੱਡਲੈਂਡ ਇਲਾਕੇ ਵਿਚੋਂ ਡੇਢ ਸੌ ਭਾਰਤੀਆਂ ਤੋਂ 12 ਸੌ ਡਾਲਰ ਇਕੱਠੇ ਕਰ ਲਏ ਸਨ ਅਤੇ ਹਰ ਮਹੀਨੇ ਦੋ ਸੌ ਡਾਲਰ ਪ੍ਰਤੀ ਮਹੀਨਾ ਉਥੋਂ ਦੇ ਭਾਈਆਂ ਨੂੰ ਦੇਣ ਲਈ ਮਨਾ ਲਿਆ ਸੀ।

ਪਹਿਲੀ ਨਵੰਬਰ 1913 ਨੂੰ ਸ਼ੁਰੂ ਹੋਏ 'ਗ਼ਦਰ' ਅਖ਼ਬਾਰ ਦੀ ਮੰਗ ਵਧ ਜਾਣ ਨਾਲ ਐਡੀਟੋਰੀਅਲ ਬੋਰਡ ਬਣਾਇਆ ਗਿਆ ਤਾਂ ਜਗਤ ਰਾਮ ਵੀ ਉਸ ਵਿਚ ਸ਼ਾਮਲ ਸਨ। 'ਗ਼ਦਰ' ਅਖ਼ਬਾਰ ਕਿਸ-ਕਿਸ ਦੇ ਨਾਂਅ ਅਤੇ ਕਿੱਥੇ-ਕਿੱਥੇ ਭੇਜਿਆ ਜਾਂਦਾ ਸੀ, ਇਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਅੰਗਰੇਜ਼ੀ ਸਰਕਾਰ ਦਾ ਖੁਫ਼ੀਆ ਵਿਭਾਗ ਹਰ ਸਮੇਂ ਤਾਕ ਵਿਚ ਰਹਿੰਦਾ ਸੀ। ਜਿਸ ਰਜਿਸਟਰ ਵਿਚ ਗਾਹਕਾਂ ਦੇ ਨਾਂਅ ਦਰਜ ਕੀਤੇ ਜਾਂਦੇ ਸਨ, ਉਸ ਦੀ ਸੰਭਾਲ ਤੇ ਸੁਰੱਖਿਆ ਲਈ ਪੰ. ਜਗਤ ਰਾਮ ਨੂੰ ਆਪਣੇ ਭਰੇ ਹੋਏ ਪਿਸਤੌਲ ਦੇ ਨਾਲ ਚੌਕਸ ਰਹਿਣਾ ਪੈਂਦਾ ਸੀ। ਉਸ ਦੇ ਬਾਵਜੂਦ ਉਸ ਨੂੰ ਡਰ ਲੱਗਾ ਰਹਿੰਦਾ ਸੀ ਕਿ ਇਸ ਦਾ ਭੇਦ ਕਦੇ ਵੀ ਖੁੱਲ੍ਹ ਸਕਦਾ ਹੈ, ਇਸ ਕਰਕੇ ਉਸ ਨੇ ਸਾਰੇ ਨਾਂ ਜ਼ੁਬਾਨੀ ਹੀ ਯਾਦ ਕਰ ਲਏ ਸਨ। ਉਸ ਦੀ ਇਹ ਯਾਦ-ਸ਼ਕਤੀ ਸੱਚਮੁੱਚ ਅਦਭੁਤ ਸੀ।

ਸਟੌਕਟਨ ਸ਼ਹਿਰ ਦੇ ਲਾਗੇ ਬਾਬਾ ਜਵਾਲਾ ਸਿੰਘ ਠੱਠੀਆਂ ਵਾਲੇ ਹੌਲਟ ਫਾਰਮ ਵਿਚ ਬੰਬ ਬਣਾਉਣ ਦੇ ਤਜਰਬੇ ਕੀਤੇ ਜਾਣ ਲੱਗੇ ਤਾਂ ਪੰਡਤ ਜਗਤ ਰਾਮ ਵੀ ਬੰਬ ਬਣਾਉਣ ਲਈ ਹੌਲਟ ਫਾਰਮ ਵਿਚ ਚਲਾ ਗਿਆ, ਜਿਥੇ ਇਕ ਵਾਰ ਬੰਬ ਫ਼ਟਣ ਨਾਲ ਕਈ ਜਣੇ ਫੱਟੜ ਹੋ ਗਏ ਸਨ। ਇਨ੍ਹਾਂ ਤਜਰਬਿਆਂ ਵਿਚ ਸ਼ਾਮਲ ਭਾਈ ਹਰਨਾਮ ਸਿੰਘ ਕੋਟਲਾ ਦਾ ਇਕ ਹੱਥ ਉੱਡ ਗਿਆ ਤਾਂ



ਉਹ ਹਰਨਾਮ ਸਿੰਘ 'ਟੁੰਡੀਲਾਟ' ਕਹਿਲਾਏ ਜਾਣ ਲੱਗ ਪਏ।

25 ਮਾਰਚ 1914 ਦੀ ਸ਼ਾਮ ਨੂੰ ਲਾਲਾ ਹਰਦਿਆਲ ਨੂੰ ਅੰਗਰੇਜ਼ ਹਕੂਮਤ ਦੇ ਦਬਾਅ ਕਾਰਨ ਅਮਰੀਕਾ ਵਿਚ ਪੁਲਸ ਨੇ ਗ੍ਰਿਫ਼ਤਾਰ ਕੀਤਾ ਤਾਂ ਉਸ ਦੀ ਜ਼ਮਾਨਤ ਕਰਾਉਣ ਲਈ ਫੰਡ ਦੀ ਲੋੜ ਸੀ। ਪੰ. ਜਗਤ ਰਾਮ ਨੇ ਔਕਸਨਾਰਡ ਵਿਚੋਂ ਚੰਦੇ ਉਗਰਾਹ ਕੇ ਜ਼ਮਾਨਤ ਕਰਾਉਣ ਪਿਛੋਂ ਤੁਰੰਤ ਸਵਿਟਜ਼ਰਲੈਂਡ ਭੇਜਿਆ। ਲਾਲਾ ਹਰਦਿਆਲ ਦੇ ਜਾਣ ਪਿੱਛੋਂ ਜਗਤ ਰਾਮ, ਸੋਹਣ ਲਾਲ ਪਾਠਕ ਤੇ ਪ੍ਰਿਥਵੀ ਸਿੰਘ ਪੱਕੇ ਤੌਰ ਤੇ ਯੁਗਾਂਤਰ ਆਸ਼ਰਮ ਵਿਚ ਰਹਿ ਕੇ ਕੰਮ ਕਰਨ ਲੱਗੇ। 'ਗ਼ਦਰ' ਅਖ਼ਬਾਰ ਦੇ ਪ੍ਰਬੰਧ ਨੂੰ ਚਲਾਉਣ ਲਈ ਇਕ ਬੋਰਡ ਬਣਾਇਆ ਗਿਆ, ਜਿਸ ਵਿਚ ਪੰ. ਜਗਤ ਰਾਮ ਤੋਂ ਇਲਾਵਾ ਹਰਨਾਮ ਸਿੰਘ ਕੋਟਲਾ, ਲਾਲ ਬਿਹਾਰੀ, ਰਾਮ ਚੰਦ ਅਤੇ ਭਾਈ ਸੰਤੋਖ ਸਿੰਘ ਸਨ। ਅਖ਼ਬਾਰ ਦੇ ਪੱਕੇ ਸਟਾਫ਼ ਵਿਚ ਪੰ. ਜਗਤ ਰਾਮ ਨੇ ਆਪਣੀਆਂ ਸੇਵਾਵਾਂ ਨੂੰ ਇਨਕਲਾਬੀ ਭਾਵਨਾਂ ਅਤੇ ਤਨਦੇਹੀ ਨਾਲ ਨਿਭਾਇਆ। ਇਸ ਵੇਲੇ ਉਸ ਨੇ 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਦੀ ਯਾਦ 'ਚ ਇਕ ਜੁਸ਼ੀਲੀ ਕਵਿਤਾ ਲਿਖੀ, ਜਿਸ ਦੀਆਂ ਕੁਝ ਪੰਕਤੀਆਂ ਪੇਸ਼ ਹਨ:

ਆਜ ਕਾ ਦਿਨ ਦਸ ਮਈ ਹੈ, ਦਿਨ ਵਹੀ ਯੇਹ ਆਜ ਕਾ,
ਜਾਮ ਕੇ ਸ਼ਰਬਤ ਥਾ ਸ਼ਹਾਦਤ ਕਾ ਬਜ਼ੁਰਗੋਂ ਨੇ ਪੀਆ।
ਗੂੰਜ ਆਤੀ ਬੀ ਯਹੀ, ਮਾਰੋ ਫਰੰਗੀ ਆਜ ਤੁਮ,
ਕੌਮ ਕੇ ਝੰਡੇ ਕੋ ਗਾਡੋ, ਬਾਮ ਤਖਤੋਤਾਜ਼ ਤੁਮ।

ਗ਼ਦਰ ਪਾਰਟੀ ਦੇ ਸੱਦੇ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਗ਼ਦਰੀਆਂ ਨੂੰ ਲੈ ਕੇ 29 ਅਗਸਤ 1914 ਨੂੰ 60-70 ਆਗੂਆਂ ਸਮੇਤ ਹੋਰ ਗ਼ਦਰੀਆਂ ਨੂੰ ਲੈ ਕੇ ਕੋਰੀਆ ਜਹਾਜ਼ ਸਾਨਫ੍ਰਾਂਸਿਸਕੋ (ਅਮਰੀਕਾ) ਤੋਂ ਰਵਾਨਾ ਹੋਇਆ। ਉਨ੍ਹਾਂ ਵਿਚ ਪੰ. ਜਗਤ ਰਾਮ ਹਰਿਆਣਾ ਵੀ ਸੀ, ਜਿਸ ਨੂੰ ਉਸ ਕਮੇਟੀ ਵਿਚ ਸ਼ਾਮਿਲ ਕੀਤਾ ਗਿਆ, ਜਿਸ ਨੇ ਇਸ ਸਾਰੇ ਪ੍ਰੋਗਰਾਮ ਨੂੰ ਅਗਵਾਈ ਦੇਣੀ ਸੀ। ਕੋਰੀਆਈ ਜਹਾਜ਼ ਹਾਂਗਕਾਂਗ ਪੁੱਜਾ ਤਾਂ ਉਥੇ ਹੋਰ ਵੀ ਵੱਖ-ਵੱਖ ਜਹਾਜ਼ਾਂ ਰਾਹੀਂ ਗ਼ਦਰੀ ਪਹੁੰਚੇ। ਇਥੇ ਜਹਾਜ਼ ਬਦਲੀ ਹੋਣਾ ਸੀ। ਭਾਰਤ ਵੱਲ ਜਾਣ ਲਈ ਤੋਸ਼ਾ ਮਾਰੂ ਜਹਾਜ਼ ਸਾਰੇ ਇਨਕਲਾਬੀਆਂ ਨੂੰ ਲੱਦ ਕੇ ਤੁਰਿਆ ਤੇ 29 ਅਕਤੂਬਰ ਨੂੰ ਕਲੱਕਤਾ ਪੁੱਜਿਆ। ਅੱਗੋਂ ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਮੋਨੇ ਤੇ ਮੁਸਲਮ ਭਾਈਚਾਰੇ ਨੂੰ ਛੱਡ ਕੇ ਬਾਕੀ, ਜਿਹੜੇ ਬਹੁਤੇ ਸਿੱਖ ਸਨ, ਗ੍ਰਿਫ਼ਤਾਰ ਕੀਤੇ ਗਏ। ਪੰ. ਜਗਤ ਰਾਮ ਪਿਸਤੌਲਾਂ ਦੀ ਇਕ ਪੇਟੀ ਨਾਲ ਲਿਆਇਆ ਸੀ। ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਲਿਖਿਆ-ਤੋਸ਼ਾ ਮਾਰੂ ਜਦੋਂ ਕਲਕੱਤਾ ਘਾਟ 'ਤੇ ਲੱਗਾ ਤਾਂ ਪੰ. ਜਗਤ ਰਾਮ ਨੇ ਆਪਣੇ ਕੀਮਤੀ ਕੱਪੜੇ ਲਾਹ ਕੇ ਇਕ ਗ਼ਰੀਬ ਮੁਸਾਫ਼ਰ ਨੂੰ ਦੇ ਦਿੱਤੇ ਤੇ ਉਸ ਦੇ ਪੁਰਾਣੇ ਕੱਪੜੇ ਆਪ ਪਹਿਨ ਲਏ। ਜਗਤ ਰਾਮ ਨੂੰ 6-7 ਪਿਸਤੌਲਾਂ ਵਾਲੀ ਪੇਟੀ ਜਿਹੜੀ ਡਾਕਟਰ ਦੇ ਕੈਬਨ ਵਿਚ ਰੱਖੀ ਹੋਈ ਸੀ, ਉਸ ਦੀ ਚਿੰਤਾ ਸੀ। ਅਤਿ ਨਾਜ਼ੁਕ ਸਮੇਂ ਡਾਕਟਰ ਦੇ ਕਮਰੇ ਵਿੱਚੋਂ ਹਥਿਆਰ ਵਾਲੀ ਪੇਟੀ ਨੂੰ ਚੁੱਕ ਲਿਆਉਣਾ ਬੜੇ ਹੌਸਲੇ ਦਾ ਕੰਮ ਸੀ, ਜਿਹੜਾ ਜਾਨ ਦੀ ਬਾਜ਼ੀ ਲਾ ਕੇ ਹੀ ਕੀਤਾ ਜਾ ਸਕਦਾ ਸੀ। ਪੰ. ਜਗਤ ਰਾਮ ਦ੍ਰਿੜ੍ਹ ਇਰਾਦਾ ਧਾਰ ਕੇ ਡਾਕਟਰ ਦੇ ਕੈਬਿਨ (ਕਮਰੇ) ਵਿਚ ਚਲਾ ਗਿਆ, ਪੇਟੀ ਨੂੰ ਚੁੱਕ ਕੇ ਜਿਉਂ ਹੀ ਬਾਹਰ ਨਿਕਲਣ ਲੱਗਾ ਤਾਂ ਸਾਹਮਣੇ ਡਾਕਟਰ ਆਉਂਦਾ ਮਿਲਿਆ। ਲਿਬਾਸ ਪੁਰਾਣਾ ਪਾਇਆ ਕਰਕੇ ਜਗਤ ਰਾਮ ਪਛਾਣਿਆ ਨਾ ਗਿਆ, ਬਾਵਜੂਦ ਕਿ ਉਹ ਪਿਛਿਉਂ ਇਕੱਠੇ ਆਏ ਸਨ। ਡਾਕਟਰ ਨੇ ਪੁੱਛਿਆ ਕਿ ਤੂੰ ਕੌਣ ਹੈਂ, ਇਹ ਪੇਟੀ ਕਿਸ ਦੀ ਹੈ? ਪੰਡਤ ਜੀ ਨੇ ਪਿਸਤੌਲਾਂ ਵਾਲੀ ਪੇਟੀ ਸੁੱਟੀ ਤੇ ਜਾਨ ਬਚਾ ਕੇ ਦੌੜ ਗਿਆ।

ਕਲਕੱਤਾ ਤੋਂ ਪੰ. ਜਗਤ ਰਾਮ, ਪ੍ਰਿਥਵੀ ਸਿੰਘ, ਪਰਮਾ ਨੰਦ ਝਾਂਸੀ ਤੇ ਹੋਰ ਬਚ ਕੇ ਬਾਹਰ ਨਿਕਲ ਆਏ। ਬਚੇ ਹੋਏ ਆਗੂਆਂ ਨੂੰ ਨਵੇਂ ਸਿਰਿਉਂ ਜਥੇਬੰਦੀ ਖੜ੍ਹੀ ਕਰਨੀ ਪਈ। ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਬੰਤਾ ਸਿੰਘ ਸੰਘਵਾਲ, ਰੂੜ ਸਿੰਘ ਚੂਹੜ ਚੱਕ ਸਮੇਤ ਪੰਡਤ ਜਗਤ ਰਾਮ 'ਤੇ ਅਧਾਰਤ ਜਥੇਬੰਦੀ ਬਣਾਈ ਅਤੇ ਕੰਮਾਂ ਦੀ ਵਿਉਂਤਬੰਦੀ ਕਰ ਕੇ ਜਿਵੇਂ ਹਥਿਆਰ ਖੋਹਣੇ, ਖ੍ਰੀਦਣੇ, ਬੰਬ ਬਣਾਉਣੇ ਅਤੇ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨਾ। ਫਰੰਟੀਅਰ ਦੀ ਜ਼ੁੰਮੇਵਾਰੀ ਜਗਤ ਰਾਮ ਨੂੰ ਸੌਂਪੀ ਗਈ। ਪੰ. ਜਗਤ ਰਾਮ ਸਰਹੱਦੀ ਸੂਬੇ ਦੇ ਅਜ਼ਾਦ ਇਲਾਕੇ ਵਿਚੋਂ ਹਥਿਆਰ ਖ੍ਰੀਦਣ ਲਈ ਗਿਆ ਤਾਂ ਉਹ 23 ਨਵੰਬਰ 1914 ਪਿਸ਼ਾਵਰ ਦੀ ਛਾਉਣੀ ਵਿਚ ਫੜੇ ਗਏ। ਪੇਸ਼ਾਵਰ ਵਿਚ ਲਾਲ ਚੰਦ, ਕੇਸੋ ਰਾਮ ਤੇ ਅਮੀਰ ਚੰਦ ਨੂੰ ਮਿਲਿਆ, ਜਿਨ੍ਹਾਂ ਨੂੰ ਪਿੱਛੋਂ ਗ੍ਰਿਫ਼ਤਾਰ ਕਰਕੇ ਸਰਹੱਦੀ ਜੁਰਮਾਂ ਦੇ ਕਾਇਦਿਆਂ ਅਨੁਸਾਰ ਸਜ਼ਾ ਦਿੱਤੀ ਗਈ। ਗ੍ਰਿਫ਼ਤਾਰੀ ਸਮੇਂ ਜਗਤ ਰਾਮ ਨੇ ਥਾਣੇਦਾਰ ਅਹਿਮਦ ਖਾਨ ਨੂੰ ਇਹ ਕਹਿ ਕੇ ਭੁਚਲਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਰਾਮ ਰੱਖਾ ਪੁੱਤਰ ਖਰੈਤੀ ਰਾਮ ਕੁੱਕੜ ਪਿੰਡ ਨੇੜੇ ਜਲੰਧਰ ਛਾਉਣੀ ਤੋਂ ਜਗਾ ਦੇਖਣ ਆਇਆ ਹੈ, ਜਿਸ ਵਿਚ ਉਹ ਹਲਵਾਈ ਦੀ ਦੁਕਾਨ ਖੋਲ੍ਹੇਗਾ।

ਲਾਹੌਰ ਸਾਜ਼ਿਸ਼ ਕੇਸ ਪਹਿਲਾ 27 ਅਪ੍ਰੈਲ 1915 ਨੂੰ ਸੈਂਟਲ ਜੇਲ੍ਹ ਲਾਹੌਰ ਵਿਚ ਜਗਤ ਰਾਮ ਸਮੇਤ 80 ਦੇਸ਼ ਭਗਤਾਂ 'ਤੇ ਸ਼ੁਰੂ ਹੋਇਆ। ਜਦੋਂ ਦੂਜੇ ਸਾਰਿਆਂ ਨੇ ਜ਼ੁਬਾਨੀ ਬਿਆਨ ਦਿੱਤੇ, ਪਰ ਪੰ. ਜਗਤ ਰਾਮ ਨੇ ਅੰਗਰੇਜ਼ੀ ਵਿਚ ਲੰਮਾ ਬਿਆਨ ਲਿਖ ਕੇ ਅਦਾਲਤ ਅੱਗੇ ਪੇਸ਼ ਕਰਕੇ 3-4 ਘੰਟੇ ਅੰਗਰੇਜ਼ੀ ਵਿਚ ਆਪਣਾ ਪੱਖ ਦੱਸਿਆ, ਜਿਸ ਨੂੰ ਸੁਣ ਕੇ ਤਿੰਨੋਂ ਜੱਜ ਦੰਗ ਰਹਿ ਗਏ ਸਨ। ਆਪਣੇ ਲਿਖਤੀ ਬਿਆਨ ਵਿਚ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਦਾ ਖੁਲਾਸਾ ਕਰਦੇ ਪੰਡਤ ਜੀ ਨੇ ਇਹ ਵੀ ਕਿਹਾ, 'ਇਨ੍ਹਾਂ ਅੱਤਿਆਚਾਰਾਂ ਦਾ ਬਦਲਾ ਲੈਣ ਲਈ ਭਾਰਤ 'ਤੇ ਕਾਬਜ਼ ਅੰਗਰੇਜ਼ਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਚਾਹੀਦਾ ਹੈ।'

(● ਬਾਕੀ ਸਫ਼ਾ 9 'ਤੇ)

---

## ਗੋਆ ਦੀ ਆਜ਼ਾਦੀ ਦੇ ਮਹਾਨ ਨਾਇਕ

# ਸ਼ਹੀਦ ਕਾਮਰੇਡ ਕਰਨੈਲ ਸਿੰਘ ਈਸੜੂ



ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੇ ਆਪਣੇ ਜਨਮ ਤੋਂ ਹੀ ਦੇਸ਼ ਦੇ ਆਜ਼ਾਦੀ-ਸੰਘਰਸ਼ 'ਚ ਮੂਹਰਲੀਆਂ ਕਤਾਰਾਂ ਵਿਚ ਹੋ ਕੇ ਕੁਰਬਾਨੀਆਂ ਦੇਣ ਦਾ ਇਤਿਹਾਸ ਰਚਿਆ ਹੈ। ਹੈਦਰਾਬਾਦ ਰਿਆਸਤ ਨੂੰ ਆਜ਼ਾਦ ਭਾਰਤ ਦਾ ਹਿੱਸਾ ਬਣਾਉਣ ਲਈ ਕਮਿਊਨਿਸਟ ਅਗਵਾਈ ਵਾਲਾ ਕਿਸਾਨੀ ਵਿਦਰੋਹ ਆਜ਼ਾਦੀ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਦਰਜ ਹੈ। ਸੀ ਪੀ ਆਈ ਨੇ ਆਜ਼ਾਦ ਭਾਰਤ ਦੇ ਲੋਕਾਂ ਦੇ ਹੱਕਾਂ ਲਈ ਵੀ ਸੰਘਰਸ਼ ਕੀਤੇ। ਪੰਜਾਬ ਦੇ ਮੁਜ਼ਾਰਾ ਅੰਦੋਲਨ ਵਿੱਚ ਕਮਿਊਨਿਸਟ ਪਾਰਟੀ ਦੀ ਭੂਮਿਕਾ ਤੋਂ ਕਿਹੜਾ ਦੇਸ਼- ਭਗਤ ਅਣਜਾਣ ਹੈ। ਦੇਸ ਦੀ ਏਕਤਾ ਅਤੇ ਅਖੰਡਤਾ ਲਈ ਸੰਘਰਸ਼ ਅਤੇ ਕੁਰਬਾਨੀਆਂ ਦੇਣ ਵਾਲੀ ਕਮਿਊਨਿਸਟ ਪਾਰਟੀ ਨੇ 1955 ਵਿਚ ਭਾਰਤ ਦੇ ਮਹੱਤਵਪੂਰਨ ਇਲਾਕੇ ਗੋਆ ਨੂੰ ਪੁਰਤਗਾਲ ਤੋਂ ਆਜ਼ਾਦ ਕਰਵਾਉਣ ਵਾਸਤੇ ਜਥੇ ਭੇਜਣ ਦੀ ਮੁਹਿੰਮ ਚਲਾਈ। ਇਸ ਮੁਹਿੰਮ ਤਹਿਤ ਹੀ ਪਾਰਟੀ ਦੀ ਖੰਨਾ ਇਕਾਈ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਈਸੜੂ ਤੋਂ ਮਾਸਟਰ ਕਰਨੈਲ ਸਿੰਘ ਗੋਆ ਗਏ ਅਤੇ ਉਥੇ ਸ਼ਹਾਦਤ ਪ੍ਰਾਪਤ ਕੀਤੀ।

ਕਰਨੈਲ ਸਿੰਘ ਈਸੜੂ ਦਾ ਜਨਮ 9 ਸਤੰਬਰ 1930 ਨੂੰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਚੱਕ ਨੰਬਰ 30 ਵਿੱਚ ਹੋਇਆ, ਜੋ ਹੁਣ ਪਾਕਿਸਤਾਨ ਵਿੱਚ ਹੈ। ਉਹ ਸੱਤ ਸਾਲ ਦਾ ਹੀ ਸੀ ਕਿ ਉਸ ਦੇ ਪਿਤਾ ਸੁੰਦਰ ਸਿੰਘ ਦਾ ਸਾਇਆ ਸਿਰ ਤੋਂ ਉੱਠ ਗਿਆ। ਉਸ ਦਾ ਪਾਲਣ-ਪੋਸ਼ਣ ਮਾਤਾ ਹਰਨਾਮ ਕੌਰ ਨੇ ਹੀ ਕੀਤਾ। ਕਰਨੈਲ ਸਿੰਘ ਬਸਤੀਵਾਦੀ ਸ਼ਾਸਨ ਵਿਰੁੱਧ ਸੁਤੰਤਰਤਾ ਅੰਦੋਲਨ ਤੋਂ ਪ੍ਰੇਰਿਤ ਸੀ।

ਉਹ ਪਹਿਲਾਂ ਕਰਨੈਲ ਸਿੰਘ ਬੈਨੀਪਾਲ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਪਰ ਜਦੋਂ ਪਰਵਾਰ ਪਿੰਡ ਈਸੜੂ ਆ ਗਿਆ ਤਾਂ ਉਹ ਕਰਨੈਲ ਸਿੰਘ ਈਸੜੂ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ। ਸਕੂਲ ਪੜ੍ਹਦੇ ਸਮੇਂ ਵੀ ਉਸ ਨੇ ਫੀਸਾਂ ਵਿੱਚ ਵਾਧੇ ਦੇ ਵਿਰੁੱਧ ਸੰਘਰਸ਼ ਦੀ ਅਗਵਾਈ ਕੀਤੀ ਅਤੇ ਵਿਦਿਆਰਥੀ ਆਗੂ ਦੇ ਤੌਰ 'ਤੇ ਯੂਨੀਅਨ ਦਾ ਪ੍ਰਧਾਨ ਬਣ ਗਿਆ।

ਉਹ ਆਜ਼ਾਦੀ ਸੰਗਰਾਮ ਦੇ ਨਾਇਕਾਂ; ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਊਧਮ ਸਿੰਘ, ਗਦਰੀ ਬਾਬੇ ਅਤੇ ਹੋਰ ਅਜ਼ਾਦੀ ਘੁਲਾਟੀਆਂ ਬਾਰੇ ਅਧਿਐਨ ਕਰਦਾ ਹੋਇਆ ਉਹਨਾਂ ਦੇ ਆਦਰਸ਼ਾਂ ਤੋਂ ਬਹੁਤ ਪ੍ਰਭਾਵਤ ਸੀ।

ਅਧਿਆਪਕ ਬਣਨ ਉਪਰੰਤ ਉਸ ਨੇ ਪਿੰਡ ਮਜਾਲੀਆਂ ਜ਼ਿਲ੍ਹਾ ਲੁਧਿਆਣਾ ਦੇ ਸਕੂਲ ਵਿੱਚ ਨੌਕਰੀ ਸ਼ੁਰੂ ਕਰ ਲਈ। ਗਰੀਬ ਬੱਚਿਆਂ ਨੂੰ ਉਹ ਮੁਫਤ ਟਿਊਸ਼ਨ ਵੀ ਪੜ੍ਹਾਉਂਦਾ ਸੀ।

1950 ਦੇ ਦਹਾਕੇ ਦੇ ਸ਼ੁਰੂ ਵਿੱਚ ਖੰਨਾ ਵਿਖੇ ਕਾਮਰੇਡ ਭਰਤ ਪ੍ਰਕਾਸ਼ ਕਮਿਊਨਿਸਟ ਆਗੂ ਵਜੋਂ ਸਰਗਰਮ ਸਨ। ਉਸ ਸਮੇਂ ਕਰਨੈਲ ਸਿੰਘ ਭਾਰਤੀ ਕਮਿਊਨਿਸਟ ਪਾਰਟੀ ਦੀ ਖੰਨਾ ਇਕਾਈ ਵਿੱਚ ਸਾਮਲ ਹੋ ਗਏ।

ਭਾਵੇਂ ਦੇਸ਼ ਨੂੰ 1947 ਵਿਚ ਆਜ਼ਾਦੀ ਮਿਲ ਗਈ ਸੀ, ਪਰ ਗੋਆ, ਦਮਨ, ਦੀਵ ਅਤੇ ਦਾਦਰਾ ਤੇ ਨਗਰ ਹਵੇਲੀ ਦੇ ਖੇਤਰ ਅਜੇ ਵੀ ਪੁਰਤਗਾਲੀ ਸਾਸਨ ਅਧੀਨ ਸਨ। 1955 ਦੇ ਮੱਧ ਵਿੱਚ ਸੀ ਪੀ ਆਈ ਨੇ ਬਸਤੀਵਾਦੀ ਸ਼ਾਸਨ ਵਿਰੁੱਧ ਸੰਘਰਸ਼ ਤੇਜ਼ ਕਰਨ ਲਈ ਸੱਤਿਆਗ੍ਰਹਿਈਆਂ ਨੂੰ ਗੋਆ ਭੇਜਣ ਦਾ ਫੈਸਲਾ ਕੀਤਾ ਅਤੇ ਸੁਤੰਤਰਤਾ ਦਿਵਸ ਦੇ ਮੌਕੇ ਗੋਆ 'ਚ ਭਾਰਤੀ ਤਿਰੰਗਾ ਲਹਿਰਾਉਣ ਦਾ ਨਿਸ਼ਾਨਾ ਮਿੱਥਿਆ ਗਿਆ।

ਗੋਆ ਦੀ ਮੁਕਤੀ ਲਈ ਕੰਮ ਕਰ ਰਹੀ ਪੁਣੇ ਸਥਿਤ ਸੰਸਥਾ 'ਗੋਆ ਵਿਮੋਚਨ ਸਹਾਇਕ ਸਮਿਤੀ' ਨੇ ਵੀ 15 ਅਗਸਤ 1955 ਨੂੰ ਗੋਆ ਸਰਹੱਦ ਪਾਰ ਕਰਕੇ ਝੰਡਾ ਲਹਿਰਾਉਣ ਦਾ ਫੈਸਲਾ ਕੀਤਾ। ਸੱਤਿਆਗ੍ਰਹਿਈਆਂ ਨੇ ਆਪਣੇ ਆਪ ਨੂੰ ਦੋ ਸਮੂਹਾਂ ਵਿੱਚ ਵੰਡ ਲਿਆ। ਇੱਕ ਗਰੁੱਪ ਨੇ 'ਪਾਤਰਾਦੇਵੀ ਸਰਹੱਦ' ਰਾਹੀਂ ਗੋਆ ਵਿੱਚ ਦਾਖਲ ਹੋਣਾ ਸੀ, ਜਦਕਿ ਦੂਜੇ ਨੇ 'ਪੋਲੇਮ ਸਰਹੱਦ' ਰਾਹੀਂ ਦੱਖਣੀ ਗੋਆ ਵਿੱਚ ਦਾਖਲ ਹੋਣ ਦੀ ਯੋਜਨਾ ਬਣਾਈ।

ਮੱਧ ਪ੍ਰਦੇਸ ਤੋਂ ਨੌਜਵਾਨ ਇਨਕਲਾਬੀ ਸਹੋਦਰਾ ਦੇਵੀ ਰਾਏ ਰਾਸ਼ਟਰੀ ਝੰਡਾ ਫੜ ਕੇ ਪਾਤਰਾਦੇਵੀ ਵਿਖੇ ਸੱਤਿਆਗ੍ਰਹਿਈਆਂ ਦੇ ਜੱਥੇ ਦੀ ਅਗਵਾਈ ਕਰ ਰਹੀ ਸੀ। ਜਦੋਂ ਉਸ ਨੇ ਜਥੇ ਸਮੇਤ ਗੋਆ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਪੁਰਤਗਾਲੀ ਫੌਜ ਨੇ ਗੋਲੀ ਚਲਾ ਦਿੱਤੀ ਤੇ ਉਸ ਨੂੰ ਜ਼ਖਮੀ ਕਰ ਦਿੱਤਾ।

ਇਸ ਮੌਕੇ 25 ਸਾਲਾ ਕਰਨੈਲ ਸਿੰਘ ਨੇ ਅੱਗੇ ਵਧ ਕੇ ਫੌਜ ਨੂੰ ਵੰਗਾਰਦਿਆਂ ਹਿੱਕ 'ਤੇ ਗੋਲੀਆਂ ਖਾਧੀਆਂ ਅਤੇ ਉਹ ਗੋਆ ਬਾਰਡਰ 'ਤੇ ਹੀ ਸ਼ਹੀਦ ਹੋ ਗਿਆ।

ਕ੍ਰਾਂਤੀਕਾਰੀਆਂ ਦਾ ਉਦੇਸ਼ ਸੀ ਕਿ ਗੋਆ ਦਾ ਭਾਰਤ ਵਿਚ ਏਕੀਕਰਨ ਹੋਵੇ-'ਸ਼ਾਂਤੀਪੂਰਵਕ ਜਾਂ ਤਾਕਤ ਨਾਲ'। ਨਤੀਜੇ ਵਜੋਂ ਭਾਰਤ ਸਰਕਾਰ ਨੇ ਦਸੰਬਰ 1961 ਨੂੰ 'ਅਪ੍ਰੇਸਨ ਵਿਜੇ' ਨਾਮਕ ਫੌਜੀ ਕਾਰਵਾਈ ਸ਼ੁਰੂ ਕੀਤੀ। ਪੁਰਤਗਾਲੀ ਸ਼ਾਸਕ ਬਹੁਤਾ ਸਮਾਂ ਸਾਹਮਣਾ ਨਹੀਂ ਕਰ ਸਕੇ। ਉਨ੍ਹਾਂ ਸਮਰਪਣ ਦੇ ਸਮਝੌਤੇ 'ਤੇ ਦਸਤਖਤ ਕਰਨ ਲਈ ਹੱਥ ਖੜ੍ਹੇ ਕਰ ਦਿੱਤੇ। ਗੋਆ 19 ਦਸੰਬਰ 1961 ਨੂੰ ਆਜ਼ਾਦ ਹੋਇਆ ਤੇ ਭਾਰਤ ਵਿਚ ਸ਼ਾਮਲ ਹੋ ਗਿਆ।

ਕਰਨੈਲ ਸਿੰਘ ਈਸੜੂ ਦੀ ਪਤਨੀ ਚਰਨਜੀਤ ਕੌਰ ਦਾ ਹਾਲੇ 'ਮੁਕਲਾਵਾ' ਹੋਣਾ ਬਾਕੀ ਸੀ, ਪਰ ਉਹ 17 ਸਾਲ ਦੀ ਬਾਲੜੀ ਉਮਰ ਵਿੱਚ ਹੀ ਵਿਧਵਾ ਹੋ ਗਈ। ਉਸ ਨੇ ਦੁਬਾਰਾ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਇੱਕ ਸ਼ਹੀਦ ਦੀ ਪਤਨੀ ਵਜੋਂ ਬਾਕੀ ਦਾ ਜੀਵਨ ਬਤੀਤ ਕਰਨ ਦਾ ਫੈਸਲਾ ਕੀਤਾ।

ਪੰਜਾਬ ਵਿਚ ਕਰਨੈਲ ਸਿੰਘ ਦੇ ਪਿੰਡ ਈਸੜੂ ਵਿਚ ਉਨ੍ਹਾ ਦੀ ਯਾਦ ਵਿਚ ਬੁੱਤ ਸਥਾਪਤ ਕੀਤਾ ਗਿਆ ਹੈ। ਉਨ੍ਹਾ ਦੇ ਨਾਂਅ 'ਤੇ ਪਿੰਡ ਵਿਚ ਲਾਇਬ੍ਰੇਰੀ, ਪਾਰਕ ਅਤੇ ਸੀਨੀਅਰ ਸੈਕੰਡਰੀ ਸਕੂਲ ਦਾ ਨਿਰਮਾਣ ਕੀਤਾ ਗਿਆ ਹੈ। ਇਕ ਸਟੇਡੀਅਮ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। 2015 ਵਿੱਚ ਗੋਆ ਦੇ ਪਿੰਡ ਪੱਤਰਾਦੇਵੀ ਦੇ ਪ੍ਰਾਇਮਰੀ ਸਕੂਲ ਵਿੱਚ ਵੀ ਕਰਨੈਲ ਸਿੰਘ ਈਸੜੂ ਦੀ ਮੂਰਤੀ ਸਥਾਪਤ ਕੀਤੀ ਗਈ ਸੀ।

ਭਾਵੇਂ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਸ਼ਹਾਦਤ ਦਾ ਦਿਹਾੜਾ ਸਰਕਾਰੀ ਤੌਰ 'ਤੇ ਉਹਨਾ ਦੇ ਪਿੰਡ ਮਨਾਇਆ ਜਾਂਦਾ ਹੈ, ਪਰ ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਲੁਧਿਆਣਾ ਇਕਾਈ ਹਰ ਸਾਲ ਪਿੰਡ ਈਸੜੂ ਵਿਖੇ ਆਪਣੇ ਮਹਾਨ ਸ਼ਹੀਦ ਦੀ ਯਾਦ ਵਿਚ ਸਮਾਗਮ ਕਰਕੇ ਉਹਨਾ ਨੂੰ ਸ਼ਰਧਾ ਦੇ ਫੁਲ ਅਰਪਣ ਕਰਦੀ ਹੈ।

ਇਸ ਸਾਲ ਦਾ ਸ਼ਰਧਾਂਜਲੀ ਸਮਾਗਮ 'ਲੋਕਤੰਤਰ,ਧਰਮ ਨਿਰਪੱਖਤਾ ਅਤੇ ਸਮਾਜਵਾਦ ਅਧਾਰਤ ਸੰਵਿਧਾਨ ਦੀ ਰਾਖੀ,' ਨੂੰ ਸਮਰਪਿਤ ਹੋਵੇਗਾ, ਜਿਸ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰੇਤ ਮੈਂਬਰ ਕਾਮਰੇਡ ਅਮਰਜੀਤ ਕੌਰ ਸੰਬੋਧਨ ਕਰਨਗੇ।

**-ਐੱਮ ਐੱਸ ਭਾਟੀਆ**

# ਸੰਪਰਕ : 99884-91002

15-Aug-PAGE-16.qxd 8/14/2024 11:12 PM Page 2



# ਆਜ਼ਾਦੀ ਦਿਹਾੜੇ ਮੌਕੇ ਪੱਤਰਕਾਰ ਇਕਬਾਲ ਸਿੰਘ ਖਹਿਰਾ ਮੋਗਾ ਵੱਲੋਂ ਵਿਸ਼ੇਸ਼ ਸਪਲੀਮੈਂਟ



**ਸੰਦੇਸ਼**

ਭਾਵੇਂ ਆਜ਼ਾਦੀ ਦੇ 77 ਵਰੇ ਬੀਤ ਗਏ ਹਨ ਅੱਜ ਵੀ ਦੇਸ਼ ਦਾ ਨੌਜਵਾਨ ਰੁਜ਼ਗਾਰ ਲਈ ਦਰ ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਇਸ ਲਈ ਕੇਂਦਰ ਸਰਕਾਰ ਬਨੇਗਾ ਕਾਨੂੰਨ ਪਾਸ ਕਰੇ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਦਿੱਤੀ ਜਾ ਸਕੇ

**ਕਾਮਰੇਡ ਜਗਰੂਪ**



**ਸੰਦੇਸ਼**

ਪੰਜਾਬ ਵਾਸੀਆਂ ਨੂੰ 78ਵੇਂ ਆਜ਼ਾਦੀ ਦਿਵਸ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ ਜ਼ਿਲਾ ਪ੍ਰਸ਼ਾਸਨ ਪੰਜਾਬ ਸਰਕਾਰ ਵੱਲੋਂ ਭੇਜੀਆਂ ਸਕੀਮਾਂ ਨੂੰ ਜ਼ਿਲ੍ਹੇ ਵਿੱਚ ਲਾਗੂ ਕਰਨ ਲਈ ਵਚਨਬੱਧ ਹੈ

**ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ**



**ਸੰਦੇਸ਼**

ਪੰਜਾਬ ਵਾਸੀਆਂ ਨੂੰ 78ਵੇਂ ਆਜ਼ਾਦੀ ਦਿਵਸ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ ਪੰਜਾਬ ਪੁਲਸ ਮੋਗਾ ਜ਼ਿਲ੍ਹਾ ਚੋਂ ਨਸ਼ਿਆਂ ਦਾ ਖਾਤਮਾ ਕਰੇਗੀ ਅਤੇ ਜੁਰਮ ਨੂੰ ਖਤਮ ਕਰੇਗੀ

**ਡਾਕਟਰ ਅੰਕੁਰ ਗੁਪਤਾ, ਐਸ.ਐਸ.ਪੀ ਮੋਗਾ**



**ਸੰਦੇਸ਼**

ਇਸ ਸੁਤੰਤਰਤਾ ਦਿਵਸ 'ਤੇ ਆਓ ਅਸੀਂ ਇੱਕ ਅਜਿਹੇ ਰਾਸ਼ਟਰ ਦੇ ਨਿਰਮਾਣ ਲਈ ਆਪਣੇ ਆਪ ਨੂੰ ਦੁਬਾਰਾ ਵਚਨਬੱਧ ਕਰੀਏ ਜਿੱਥੇ ਹਰ ਨਾਗਰਿਕ ਪ੍ਰਫੁੱਲਤ ਹੋਵੇ।

**ਅੰਮ੍ਰਿਤਪਾਲ ਸਿੰਘ ਸੁੱਖਾਨੰਦ, ਵਿਧਾਇਕ ਬਾਘਾਪੁਰਾਣਾ**



**ਸੰਦੇਸ਼**

ਆਓ ਅਸੀਂ ਆਪਣੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰੀਏ ਜਿਨ੍ਹਾਂ ਨੇ ਇੱਕ ਸੰਯੁਕਤ, ਪ੍ਰਗਤੀਸ਼ੀਲ ਭਾਰਤ ਦਾ ਸੁਪਨਾ ਦੇਖਿਆ ਸੀ। ਅੱਜ, ਆਓ ਅਸੀਂ ਇੱਕ ਅਜਿਹੇ ਰਾਸ਼ਟਰ ਦੇ ਨਿਰਮਾਣ ਲਈ ਆਪਣੇ ਆਪ ਨੂੰ ਦੁਬਾਰਾ ਪ੍ਰਤੀਬੱਧ ਕਰੀਏ ਜਿੱਥੇ ਸਾਰਿਆਂ ਲਈ ਬਰਾਬਰੀ, ਨਿਆਂ ਅਤੇ ਖੁਸ਼ਹਾਲੀ ਹੋਵੇ।

**ਜੋਗਿੰਦਰਪਾਲ ਜੈਨ ਸਾਬਕਾ ਵਿਧਾਇਕ ਮੋਗਾ**



**ਸੰਦੇਸ਼**

ਪੰਜਾਬ ਵਾਸੀਆਂ ਨੂੰ 78ਵੇਂ ਆਜ਼ਾਦੀ ਦਿਵਸ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ ਖੇਤੀਬਾੜੀ ਵਿਭਾਗ ਕਿਸਾਨਾਂ ਦੇ ਭਲਾਈ ਲਈ ਹਰ ਸੰਭਵ ਉਪਰਾਲੇ ਕਰੇਗਾ

**ਜਸਵਿੰਦਰ ਸਿੰਘ ਬਰਾੜ ਮੁੱਖ ਖੇਤੀਬਾੜੀ ਅਫਸਰ ਮੋਗਾ**



**ਸੰਦੇਸ਼**

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਾਸੀਆਂ ਨੂੰ 78ਵੇਂ ਆਜ਼ਾਦੀ ਦਿਵਸ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ


**ਅਮਰਜੀਤ ਸਿੰਘ ਲੰਢੇਕੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ**



**ਸੰਦੇਸ਼**

ਸ਼੍ਰੋਮਣੀ ਅਕਾਲੀ ਦਲ ਵੱਲੋਂ ਦੇਸ਼, ਵਿਦੇਸ਼ ਅਤੇ ਪੰਜਾਬ ਵਾਸੀਆਂ ਨੂੰ 78ਵੇਂ ਆਜ਼ਾਦੀ ਦਿਵਸ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ

**ਰਜਿੰਦਰ ਸਿੰਘ ਡੱਲਾ, ਸੀਨੀਅਰ ਅਕਾਲੀ ਆਗੂ**





**ਧੰਨਵਾਦ ਅਤੇ ਸੰਦੇਸ਼**

ਆਜ਼ਾਦੀ ਦਿਵਸ ਮੌਕੇ ਸਪਲੀਮੈਂਟ 'ਚ ਸਹਿਯੋਗ ਦੇਣ ਵਾਲੇ ਇਸ਼ਤਿਹਾਰਦਾਤਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਅੱਜ ਦੇ ਸਮੇਂ ਵਿੱਚ ਦੂਸ਼ਿਤ ਹੋ ਚੁੱਕੇ ਵਾਤਾਵਰਣ ਕਾਰਨ ਮਨੁੱਖੀ ਜੀਵਨ, ਜੀਵ ਜੰਤੂ ਅਤੇ ਪੰਛੀ ਅਤਿ ਭਿਆਨਕ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ ਸੋ ਵਾਤਾਵਰਨ ਦੀ ਸੰਭਾਲ ਅਤੇ ਸ਼ੁੱਧ ਵਾਤਾਵਰਣ ਵਿੱਚ ਜੀਵਨ ਬਤੀਤ ਕਰਨ ਲਈ ਸਾਨੂੰ ਸਾਰਿਆ ਨੂੰ ਆਪਣਾ ਫਰਜ ਸਮਝਦੇ ਹੋਏ ਬੂਟੇ ਲਗਾਉਣ ਵਿੱਚ ਆਪਣਾ ਯੋਗਦਾਨ ਜਰੂਰ ਪਾਉਣਾ ਚਾਹੀਦਾ ਹੈ।

**ਪੱਤਰਕਾਰ ਇਕਬਾਲ ਸਿੰਘ ਖਹਿਰਾ - 97798-39323**


























# ਆਜ਼ਾਦੀ ਦਿਹਾੜਾ ਮਨਾਉਣ ਸਬੰਧੀ ਐੱਸ ਡੀ ਐੱਮ ਵੱਲੋਂ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਸਬ ਡਵੀਜ਼ਨ ਪੱਧਰ ਤੇ 78ਵਾਂ ਆਜ਼ਾਦੀ ਦਿਵਸ ਮਨਾਉਣ ਨੂੰ ਲੈ ਕੇ ਅੱਜ ਸ ਹਰਦੀਪ ਸਿੰਘ ਐੱਸਡੀਐਮ (ਪੀਸੀਐਸ) ਡੇਰਾ ਬਾਬਾ ਨਾਨਕ ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਐਸ ਡੀ ਐਮ ਹਰਦੀਪ ਸਿੰਘ ਵੱਲੋਂ 78ਵੇ ਆਜ਼ਾਦੀ ਦਿਵਸ ਨੂੰ ਚੰਗੇ ਢੰਗ ਨਾਲ ਮਨਾਉਣ ਸਬੰਧੀ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆ।ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸ ਡੀ ਐਮ ਹਰਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ ਆਜ਼ਾਦੀ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।ਇਸ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਮਨਾਉਣ ਸਬੰਧੀ ਤਿੰਨ ਰਿਹਰਸਲਾਂ ਵੀ ਕਰਵਾਈਆਂ ਗਈਆਂ ਜਿਸ ਵਿੱਚ ਸੱਭਿਆਚਾਰਕ ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋ ਵੱਖ ਵੱਖ ਆਇਟਮਾਂ ਪੇਸ਼ ਕੀਤੀਆਂ ਜਾਣਗੀਆਂ। ਉਸ ਤੋਂ ਇਲਾਵਾ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਪਰੇਡ ਕਰਨ ਉਪਰੰਤ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਮੌਕੇ ਹਿੱਸਾ ਲੈਣ ਵਾਲੇ ਸਕੂਲੀ ਬੱਚਿਆਂ ਸਮੇਤ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਿਕ ਮੈਂਬਰਾਂ ਅਤੇ ਵੱਖ ਵੱਖ ਮਹਿਕਮਿਆ ਵਿੱਚ ਤਨਦੇਹੀ ਨਾਲ ਡਿਊਟੀ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਜਾਵੇਗਾ।ਇਸ ਮੌਕੇ ਸ ਲਖਵਿੰਦਰ ਸਿੰਘ ਤਹਿਸੀਲਦਾਰ ਡੇਰਾ ਬਾਬਾ ਨਾਨਕ, ਡਾ ਰਿਪੂਤਾਪਨ ਸਿੰਘ ਸੰਧੂ ਡੀਐੱਸਪੀ ਡੇਰਾ ਬਾਬਾ ਨਾਨਕ, ਐੱਸ.ਐੱਮ.ਓ ਡਾ ਹਰਪਾਲ ਸਿੰਘ, ਮੈਡੀਕਲ ਅਫਸਰ ਡਾ ਖੁਸ਼ਮਿੰਦਰ ਸਿੰਘ, ਸੰਜੀਵ ਕੁਮਾਰ ਸਟੈਨੋ ਐੱਸਡੀਐੱਮ, ਸਟੇਜ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਜਸਮੀਤ ਸਿੰਘ ਏਐੱਫਐੱਸਓ, ਬਲਜਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ, ਮੈਡਮ ਮਨਜੀਤ ਕੌਰ, ਵਿਕਰਮਜੀਤ ਸਿੰਘ, ਪਰਮਿੰਦਰ ਸਿੰਘ, ਸਿਕੰਦਰ ਸਿੰਘ, ਜੇ. ਈ. .ਬਲਦੇਵ ਰਾਜ, ਕਲਰਕ ਰਣਜੀਤ ਸਿੰਘ, ਨੀਰਜ ਕੁਮਾਰ, ਕਲਰਕ ਟਹਿਲ ਸਿੰਘ, ਡੀ. ਪੀ. ਰਾਮ ਸਰੂਪ, ਡੀ. ਪੀ. ਅਨਿਲ ਕੁਮਾਰ ਆਦਿ ਹਾਜ਼ਰ ਸਨ।

# ਕਾਰਪੋਰੇਸ਼ਨ ਵੱਲੋਂ ਸਮੇਂ ਸਿਰ ਕੀਤੇ ਵਿਕਾਸ ਕਾਰਜਾਂ ਨਾਲ ਲੋਕਾਂ ਨੂੰ ਮਿਲੀ ਰਾਹਤ

**ਪਠਾਨਕੋਟ (ਦਵਿੰਦਰ ਸਿੰਘ)**-ਨਗਰ ਨਿਗਮ ਕਾਰਪੋਰੇਸਨ ਵੱਲੋਂ ਸਮੇਂ ਸਿਰ ਬਰਸਾਤ ਤੋਂ ਪਹਿਲਾ ਕੀਤੇ ਵਿਕਾਸ ਕਾਰਜਾਂ ਨੇ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ ਹੈ ਅਤੇ ਸਿਵਲ ਹਸਪਤਾਲ ਪਠਾਨਕੋਟ ਵਿਖੇ ਅਪਣੇ ਇਲਾਜ ਲਈ ਪਹੁੰਚਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ ਜਿਸ ਨੂੰ ਲੈ ਕੇ ਸਿਵਲ ਹਸਪਤਾਲ ਵਿੱਚ ਕੰਮ ਕਰਦੇ ਕਰਮਚਾਰੀ ਅਧਿਕਾਰੀ ਅਤੇ ਅਪਣੇ ਇਲਾਜ ਲਈ ਪਹੁੰਚਣ ਵਾਲੇ ਲੋਕਾਂ ਨੂੰ ਵੀ ਰਾਹਤ ਮਿਲੀ ਹੈ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਬਰਸਾਤ ਦੇ ਹੁੰਦਿਆਂ ਹੀ ਸਿਵਲ ਹਸਪਤਾਲ ਅੰਦਰ ਬਾਰਿਸ਼ ਦਾ ਪਾਣੀ ਜਮ੍ਹਾ ਹੋ ਜਾਂਦਾ ਸੀ ਜਿਸ ਕਾਰਨ ਹਸਪਤਾਲ ਦੇ ਸਟਾਫ ਅਤੇ ਬਾਹਰ ਤੋਂ ਅਪਣੇ ਇਲਾਜ ਲਈ ਆਉਂਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ।ਇਸ ਦੇ ਨਾਲ ਹੀ ਸ਼ਾਹਪੁਰ ਚੌਂਕ ਅੰਦਰ ਵੀ ਪਾਣੀ ਜਮ੍ਹਾਂ ਹੋ ਜਾਂਦਾ ਸੀ ਪਰ ਇਸ ਵਾਰ ਨਗਰ ਨਿਗਮ ਪਠਾਨਕੋਟ ਵੱਲੋਂ ਸਮੇਂ ਰਹਿੰਦਿਆਂ ਨਾਲਿਆਂ ਦੀ ਸਫਾਈ ਕਰਵਾਈ ਗਈ , ਨਤੀਜੇ ਵਜੋਂ ਬਾਰਿਸ ਤਾਂ ਹੋਈ ਪਰ ਬਾਰਿਸ ਦਾ ਪਾਣੀ ਹਸਪਤਾਲ ਅਤੇ ਸੜਕਾਂ ਤੇ ਖੜਾ ਨਾ ਹੋ ਕੇ ਨਿਕਾਸੀ ਨਾਲੇ ਰਾਹੀ ਖੱਡੀ ਨਾਲੇ ਵਿੱਚ ਚਲਾ ਗਿਆ। ਆਦਿੱਤਿਆ ਉੱਪਲ ਨੇ ਦੱਸਿਆ ਕਿ ਰੇਨੂੰਕਾ ਮੰਦਿਰ ਦੇ ਨਜਦੀਕ ਤੋਂ ਨਿਕਲਣ ਵਾਲਾ ਨਿਕਾਸੀ ਨਾਲ ਜੋ ਸ਼ਾਹਪੁਰ ਚੌਕ ਤੋਂ ਹੋ ਕੇ ਖੱਡੀ ਨਾਲੇ ਵਿੱਚ ਡਿੱਗਦਾ ਹੈ ਅਤੇ ਬਾਰਿਸ਼ ਦੇ ਦਿਨਾਂ ਵਿੱਚ ਹਰ ਵਾਰ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਸੀ।ਹੁਣ ਕਾਰਪੋਰੇਸ਼ਨ ਪਠਾਨਕੋਟ ਵੱਲੋਂ ਨਿਕਾਸੀ ਨਾਲੇ ਦੀ ਰਿਪੇਅਰ ਤੇ ਕਰੀਬ 15 ਲੱਖ ਰੁਪਏ ਖਰਚ ਕੀਤੇ ਗਏ। ਡਿਪਟੀ ਕਮਿਸ਼ਨਰ ਪਠਾਨਕੋਟ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਰ੍ਹਾਂ ਦੀ ਗੰਦਗੀ ਨੂੰ ਨਿਰਧਾਰਤ ਕੀਤੇ ਸਥਾਨਾਂ ਤੇ ਰੱਖੇ ਡੰਪ ਦੇ ਅੰਦਰ ਜਾਂ ਕੂੜਾ ਇਕੱਠਾ ਕਰਨ ਵਾਲੇ ਆਟੋ, ਰਿਕਸ਼ਾ ਆਦਿ ਨੂੰ ਦਿੱਤੀ ਜਾਵੇ। ਅਜਿਹਾ ਕਰਨ ਨਾਲ ਜਿੱਥੇ ਲੋਕਾਂ ਨੂੰ ਗੰਦਗੀ ਤੋਂ ਰਾਹਤ ਮਿਲੇਗੀ ਉੱਥੇ ਹੀ ਬਰਸਾਤ ਦੇ ਦਿਨ੍ਹਾਂ ਵਿੱਚ ਪ੍ਰੇਸਾਨੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਪੁਲਸ ਨੇ ਖੰਡਰ ਹੋ ਚੁੱਕੀਆਂ ਇਮਾਰਤਾਂ ਅੰਦਰ ਚਲਾਇਆ ਸਰਚ ਅਭਿਆਨ

ਪਠਾਨਕੋਟ (ਦਵਿੰਦਰ ਸਿੰਘ)- ਮਲਟੀਪਰਪਜ਼ ਸਪੋਰਟਸ ਸਟੇਡੀਅਮ ਪਠਾਨਕੋਟ ਵਿਖੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜਾ ਮਨਾਇਆ ਜਾਣਾ ਹੈ। ਅਜਿਹੀ ਸਥਿਤੀ ਦੌਰਾਨ ਪਠਾਨਕੋਟ ਪੁਲਸ ਪੂਰੀ ਤਰ੍ਹਾਂ ਨਾਲ ਮੁਸਤੈਦ ਨਜਰ ਆ ਰਹੀ ਹੈ ਜਿਸ ਦੇ ਚਲਦਿਆਂ ਪਠਾਨਕੋਟ ਪੁਲਸ ਵੱਲੋਂ ਜਿੱਥੇ ਸਹਿਰ ਅੰਦਰ ਫਲੈਗ ਮਾਰਚ ਕੱਢੇ ਜਾ ਰਹੇ ਹਨ ਉੱਥੇ ਹੀ ਪੂਰੇ ਜ਼ਿਲ੍ਹੇ ਅੰਦਰ ਬੰਦ ਪਈਆਂ ਖੰਡਰ ਬਣ ਚੁੱਕੀਆਂ ਇਮਾਰਤਾਂ ਦਾ ਤਲਾਸ਼ੀ ਅਭਿਆਨ ਚਲਾਇਆ ਗਿਆ ਹੈ। ਇਸ ਦੇ ਨਾਲ ਹੀ ਬਿਰਾਨੀ ਪਏ ਖੇਤਰਾਂ ਅੰਦਰ ਜਿੱਥੇ ਲੋਕਾਂ ਦਾ ਆਉਣਾ ਜਾਣਾ ਘੱਟ ਹੈ ਉਨ੍ਹਾਂ ਖੇਤਰਾਂ ਵਿੱਚ ਵੀ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ।



ਗੁਰਬਾਜ ਸਿੰਘ ਐੱਸ. ਪੀ. ਹੈੱਡਕਵਾਟਰ ਪਠਾਨਕੋਟ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਤਰ੍ਹਾਂ ਦੀਆਂ ਅਫਵਾਹਾਂ ਵਿੱਚ ਨਾ ਆਉਣ ਅਤੇ ਅਗਰ ਕਿਸੇ ਨੂੰ ਵੀ ਕਿਸੇ ਸ਼ੱਕੀ ਵਿਅਕਤੀ ਜਾਂ ਕਿਸੇ ਸ਼ੱਕੀ ਗਤੀਵਿਧੀ ਦਾ ਅੰਦੇਸ਼ਾ ਹੁੰਦਾ ਹੈ ਤਾਂ ਤੁਰੰਤ ਪੁਲਸ ਦੇ ਧਿਆਨ ਵਿੱਚ ਲਿਆਂਦਾ ਜਾਵੇ।ਇਸ ਤੋਂ ਇਲਾਵਾ ਪੁਲਸ ਵੱਲੋਂ ਜਾਰੀ ਕੀਤੇ ਗਏ ਟੋਲ ਫ੍ਰੀ ਨੰਬਰ 112 ਤੇ ਜਾਂ ਕੰਟਰੋਲ ਰੂਮ ਨੰਬਰ 87280-33500 ਤੇ ਵੀ ਸੂਚਿਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਕਰਨਾ ਪੁਲਸ ਦੀ ਜ਼ਿੰਮੇਵਾਰੀ ਹੈ ਜਿਸ ਅਧੀਨ ਜ਼ਿਲ੍ਹਾ ਪਠਾਨਕੋਟ ਦੇ ਸਾਰੇ ਪੁਲਸ ਥਾਣਿਆਂ ਦੇ ਪ੍ਰਭਾਰੀਆਂ ਨੂੰ ਵੀ ਆਦੇਸ ਦਿੱਤੇ ਗਏ ਹਨ ਕਿ ਅਪਣੇ ਅਪਣੇ ਖੇਤਰਾਂ ਅੰਦਰ ਡਿਊਟੀ ਪੂਰੀ ਮੁਸਤੈਦੀ ਦੇ ਨਾਲ ਦਿੱਤੀ ਜਾਵੇ।

# ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਬਾਬਾ ਦੀਪ ਸਿੰਘ ਸਕੂਲ 'ਚ ਆਜ਼ਾਦੀ ਦਿਹਾੜਾ

ਕਲਾਨੌਰ (ਮਨਦੀਪ ਕੋਹਲੀ)-ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰ ਵਿੱਚ ਆਜ਼ਾਦੀ ਦਿਹਾੜਾ ਮਨਾਇਆ ਗਿਆ। ਬੱਚਿਆਂ ਨੇ ਆਪਣੀ ਆਪਣੀ ਕਲਾ ਦੇ ਜੌਹਰ ਦਿਖਾਏ। ਬੱਚਿਆਂ ਵੱਲੋਂ ਦੇਸ਼ ਭਗਤੀ ਨਾਲ ਸੰਬੰਧਿਤ ਗੀਤ, ਕਵਿਤਾਵਾਂ, ਕੋਰੀਓਗ੍ਰਾਫੀ, ਸੋਲੋ ਡਾਂਸ, ਗਿੱਧਾ, ਅਤੇ ਭੰਗੜਾ ਪੇਸ਼ ਕੀਤਾ ਗਿਆ।ਸਕੂਲ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਲਖਬੀਰ ਸਿੰਘ ਸੋਢੀ ਅਤੇ ਪ੍ਰਿੰ. ਜਸਬੀਰ ਸਿੰਘ ਸੋਢੀ ਵੱਲੋਂ ਬੱਚਿਆਂ ਨੂੰ ਆਜ਼ਾਦੀ ਦੇ ਦਿਹਾੜੇ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਕਿ ਕਿਸ ਤਰ੍ਹਾਂ ਦੇਸ਼ ਦੇ ਸੂਰਵੀਰਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਦੇਸ਼ ਨੂੰ ਆਜ਼ਾਦ ਕਰਵਾਇਆ ਸੀ। ਇਸ ਮੌਕੇ ਸਕੂਲ ਪ੍ਰਬੰਧਕ ਚੇਅਰਮੈਨ ਲਖਬੀਰ ਸਿੰਘ ਸੋਢੀ, ਪ੍ਰਿੰਸੀਪਲ ਜਸਬੀਰ ਸਿੰਘ ਸੋਢੀ, ਮੈਡਮ ਸੋਨੀਆ ਵਰਮਾ ਅਤੇ ਮੈਡਮ ਮੋਨਿਕਾ ਵਰਮਾ ਵੱਲੋਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਵੀ ਦਿੱਤੇ ਗਏ।ਇਸ ਮੌਕੇ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਸਟਾਫ ਮੈਡਮ ਸੀਮਾ ਸ਼ਰਮਾ, ਪੱਲਵੀ, ਕਾਜਲ, ਮਨਦੀਪ ਕੁਮਾਰ, ਸੰਦੀਪ ਕੁਮਾਰ, ਇੰਦਰਜੀਤ ਸਿੰਘ, ਕੁਲਦੀਪ ਕੌਰ, ਸੁਮਨ ਬਾਲਾ, ਮੇਘਾ, ਗੁਰਪ੍ਰੀਤ ਕੌਰ, ਸੁਨੀਤਾ, ਬਲਵਿੰਦਰ ਕੌਰ, ਅੰਮ੍ਰਿਤ ਪਾਲ ਸਿੰਘ, ਹਰਵਿੰਦਰ, ਮਨਪ੍ਰੀਤ, ਦਵਿੰਦਰ, ਹਰਪ੍ਰੀਤ ਕੌਰ, ਵਰਿੰਦਰ, ਨਿਤਾਸ਼ਾ, ਨਵਨੀਤ, ਸਿਮਰਨ, ਸੁਖਵਿੰਦਰ ਕੌਰ ਅਤੇ ਅਰਸ਼ਦੀਪ ਆਦਿ ਵੀ ਹਾਜ਼ਰ ਸਨ।




# ਵਿਦਿਆਰਥਣਾਂ ਨੇ ਰਲ-ਮਿਲ ਪਾਈਆਂ ਤੀਆਂ ਦੀਆਂ ਧਮਾਲਾਂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਦੀਆਂ ਮੁਟਿਆਰਾਂ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਵਿਦਿਆਰਥਣਾਂ ਰੰਗ ਬਿਰੰਗੇ ਪੰਜਾਬੀ ਵਿਰਸੇ ਨੂੰ ਦਰਸਾਉਂਦੀਆਂ ਪੋਸ਼ਾਕਾਂ ਪਾ ਕੇ ਤੀਜ ਦਾ ਤਿਉਹਾਰ ਮਨਾਇਆ।ਨਰਸਰੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਵੱਖੋ ਵੱਖਰੀਆਂ ਪੰਜਾਬੀ ਸੱਭਿਆਚਾਰ ਨਾਲ ਦਰਸਾਉਂਦੀਆਂ ਆਈਟਮਾਂ ਪੇਸ਼ ਕੀਤੀਆਂ। ਵਿਦਿਆਰਥਣਾਂ ਨੇ ਬੋਲੀਆਂ, ਟੱਪੇ, ਸਿੱਠਣੀਆਂ ਅਤੇ ਲੋਕ ਗੀਤ ਗਾਏ।

ਪੰਜਾਬੀ ਸੱਭਿਆਚਾਰ ਵਿੱਚੋਂ ਅਲੋਪ ਹੋ ਰਹੀਆਂ ਵੱਖ-ਵੱਖ ਵਸਤੂਆਂ ਜਿਵੇਂ ਪੱਖੀਆਂ, ਫੁਲਕਾਰੀਆਂ ,ਚਰਖਾ, ਚਾਟੀ ਮਧਾਣੀ ਅਤੇ ਮਿੱਟੀ ਦੇ ਘੜੇ ਆਦਿ ਦੀ ਪ੍ਰਦਰਸ਼ਨੀ ਵੀ ਲਾਈ ਗਈ। ਰੰਗਾਰੰਗ ਪ੍ਰੋਗਰਾਮ ਤੋਂ ਬਾਅਦ ਸੰਸਥਾ ਦੇ ਐੱਮ. ਡੀ. ਸੁਰਜੀਤ ਸਿੰਘ ਭਰੋਵਾਲ ਨੇ ਤੀਜ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣਾ ਚਾਹੀਦਾ ਹੈ ਅਤੇ ਆਪਣੇ ਵਿਰਸੇ ਨੂੰ ਨਾ ਵਿਸਾਰਨ ਦਾ ਸੁਨੇਹਾ ਦਿੱਤਾ।

ਪ੍ਰੋਗਰਾਮ ਉਪਰੰਤ ਸਕੂਲ ਵਿੱਚ ਖੀਰ ਪੂੜਿਆਂ ਦਾ ਲੰਗਰ ਲਗਾਇਆ ਗਿਆ ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਤੇ ਸਾਰਾ ਸਟਾਫ ਹਾਜ਼ਰ ਸੀ।



# ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ 'ਚ ਆਜ਼ਾਦੀ ਦਿਹਾੜਾ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿੱਚ ਆਜ਼ਾਦੀ ਦਿਵਸ ਬੜੀ ਧੂਮ: ਨਾਲ ਮਨਾਇਆ ਗਿਆ।ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ ਉੱਪਰ ਆਪਣੀ ਪੇਸ਼ਕਾਰੀ ਕੀਤੀ। ਜਲ੍ਹਿਆਂਵਾਲਾ ਬਾਗ ਗੋਲੀ ਕਾਂਡ ਨਾਲ ਸੰਬੰਧਿਤ ਨਾਟਕ ਵੀ ਪੇਸ਼ ਕੀਤਾ ਗਿਆ।ਸਕੂਲ ਦੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਨੇ ਕਿਹਾ ਕਿ ਇਹ ਆਜ਼ਾਦੀ ਸਾਨੂੰ ਬਹੁਤ ਕੁਰਬਾਨੀਆਂ ਦੇ ਕੇ ਮਿਲੀ ਹੈ।ਸਾਨੂੰ ਆਪਣੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ।ਚੇਅਰਮੈਨ ਜਸਵੰਤ ਸਿੰਘ ਨੇ ਕਿਹਾ ਕਿ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਿੱਚ ਸਭ ਤੋਂ ਵੱਧ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੇ ਯੋਗਦਾਨ ਪਾਇਆ।

ਉਨ੍ਹਾਂ ਕਿਹਾ ਕਿ ਸਾਨੂੰ ਸਭ ਤੋਂ ਵੱਡੀ ਮਾਰ ਅੱਜ ਦੇ ਟਾਈਮ ਵਿੱਚ ਸਮਾਜਿਕ ਕੁਰੀਤੀਆਂ ਤੋਂ ਪਈ ਹੈ। ਅਸੀਂ ਉਨ੍ਹਾਂ ਸਮਾਜਿਕ ਲਾਹਨਤਾਂ ਕਰਕੇ ਗੁਲਾਮ ਹੋ ਚੁੱਕੇ ਹਾਂ।ਸਾਡੇ ਬੱਚੇ ਨਸ਼ਿਆਂ ਵਿੱਚ ਪੈ ਚੁੱਕੇ ਹਨ ਤੇ ਆਪਣੀ ਜਵਾਨੀ ਨੂੰ ਖਤਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਸਕੂਲ ਟੀਚਰ ਕਰਨ ਸੇਠੀ ਵੱਲੋਂ ਇੱਕ ਦੇਸ਼ ਭਗਤੀ ਦੀ ਕਵਿਤਾ ਪੜ੍ਹੀ ਗਈ।ਆਜ਼ਾਦੀ ਦਿਵਸ ਤੇ ਇਹ ਵਿਸ਼ੇਸ਼ ਪ੍ਰੋਗਰਾਮ ਸਕੂਲ ਦੇ ਸੀਨੀਅਰ ਟੀਚਰ ਇੰਦਰਜੀਤ ਸਿੰਘ ਅਤੇ ਉਸ ਦੀ ਸਾਰੀ ਟੀਮ ਮੈਡਮ ਰੇਨੂ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਪਰਨੀਤ ਕੌਰ, ਸੰਕਪ੍ਰੀਤ ਸਿੰਘ ਤੇ ਉਨਾਂ ਦੀ ਸਮੁੱਚੀ ਟੀਮ ਵੱਲੋਂ ਤਿਆਰ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਪ੍ਰਿੰ. ਚਰਨਜੀਤ ਕੌਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਚੰਗਾ ਅਤੇ ਸਾਦਾ ਜੀਵਨ ਜਿਊਣ ਦੀ ਗੱਲ ਕੀਤੀ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।



# ਜਲੰਧਰ 'ਚ ਅੱਜ ਮੁੱਖ ਮੰਤਰੀ ਲਹਿਰਾਉਣਗੇ ਤਿਰੰਗਾ

ਜਲੰਧਰ:( ਸ਼ੈਲੀ ਐਲਬਰਟ)- ਆਜ਼ਾਦੀ ਦਿਹਾੜੇ ਮੌਕੇ ਅੱਜ 15 ਅਗਸਤ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਦਾ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਟੇਡੀਅਮ ਵਿਖੇ ਸੂਬਾ ਪੱਧਰੀ ਸਮਾਗਮ ਦੀਆਂ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੌਮੀ ਮਹੱਤਤਾ ਵਾਲੇ ਇਸ ਸਮਾਗਮ ਦੇ ਪ੍ਰਬੰਧਾਂ ਨੂੰ ਸਮਾਂ ਰਹਿੰਦੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ ਅਤੇ ਅਧਿਕਾਰੀ ਸਮੁੱਚੇ ਇੰਤਜ਼ਾਮਾਂ ਦੀ ਵਿਅਕਤੀਗਤ ਨਿਗਰਾਨੀ ਯਕੀਨੀ ਬਣਾਉਣ ਤਾਂ ਜੋ ਸਮਾਗਮ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਾ. ਅਗਰਵਾਲ ਨੇ ਸੁਰੱਖਿਆ, ਪਾਰਕਿੰਗ, ਸਟੇਡੀਅਮ ਦੀ ਸਾਫ਼-ਸਫਾਈ, ਸਜਾਵਟ, ਬੈਠਣ ਦੇ ਪ੍ਰਬੰਧ ਆਦਿ ਸਮੇਤ ਹੋਰ ਇੰਤਜ਼ਾਮਾਂ ਦੀ ਸਮੀਖਿਆ ਕਰਦਿਆਂ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਆਜ਼ਾਦੀ ਦਿਹਾੜੇ ਸਮਾਗਮ ਦੌਰਾਨ ਸੁਰੱਖਿਆ ਬਲਾਂ ਦੀਆਂ ਵੱਖ-ਵੱਖ ਟੁਕੜੀਆਂ ਵੱਲੋਂ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਪੀ ਟੀ ਸ਼ੋਅ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਵੰਨਗੀਆਂ ਪੇਸ਼ ਕਰਨਗੇ। ਇਸ ਮੌਕੇ ਵਿਕਾਸ ਅਤੇ ਲੋਕ ਭਲਾਈ ਸਕੀਮਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ।

# ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਬਣੇ ਪੁਲ 'ਤੇ ਲੱਗਾ ਗੰਦਗੀ ਦਾ ਗ੍ਰਹਿਣ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਵਗਦੇ ਦਰਿਆ ਬਿਆਸ ਪੁਲ ਦੀ ਸਾਫ ਸਫਾਈ ਨਾ ਹੋਣ ਕਰਕੇ ਗੰਦਗੀ ਕਾਫੀ ਵੇਖਣ ਨੂੰ ਮਿਲ ਰਹੀ ਹੈ। ਜਾਣਕਾਰੀ ਅਨੁਸਾਰ ਇਹ ਪੁਲ ਲਗਭਗ 20 ਸਾਲ ਪਹਿਲਾਂ ਤਿਆਰ ਹੋਇਆ ਸੀ ਅਤੇ ਇਸ ਉੱਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ ਜਿਸ ਨਾਲ ਗੁਰਦਾਸਪੁਰ ਹੁਸ਼ਿਆਰਪੁਰ ਦੇ ਲੋਕਾਂ ਤੋਂ ਇਲਾਵਾ ਪੰਜਾਬ ਦੇ ਬਾਕੀ ਜਿਲ੍ਹਿਆਂ ਦੇ ਲੋਕਾਂ ਨੂੰ ਵੀ ਕਾਫੀ ਲਾਭ ਮਿਲਿਆ ਹੈ ਅਤੇ ਪੁਲ ਬਣਨ ਨਾਲ ਦੋਵਾਂ ਜਿਲ੍ਹਿਆਂ ਦਾ ਸਫ਼ਰ ਲਗਭਗ 60 ਕਿਲੋਮੀਟਰ ਘੱਟ ਗਿਆ ਹੈ। ਮੌਜੂਦਾ ਸਮੇਂ ਵਿੱਚ ਪੁਲ 'ਤੇ ਘਾਹ ਫੂਸ ਬੂਟੀ ਅਤੇ ਗੰਦਗੀ ਆਮ ਵੇਖਣ ਨੂੰ ਮਿਲਦੀ ਹੈ ਕਿਉਂਕਿ ਇਸ ਦੀ ਸਾਫ ਸਫਾਈ ਲਈ ਕੋਈ ਵੀ ਪ੍ਰਬੰਧ ਨਹੀਂ ਹੈ। ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਪੁਲ ਦੀ ਸਾਫ ਸਫਾਈ ਸੰਬੰਧਤ ਵਿਭਾਗ ਤੋਂ ਕਰਵਾਈ ਜਾਵੇ।

ਇਸ ਪੁਲ ਰਾਹੀਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਬੱਸਾਂ, ਟਰੱਕ, ਕਾਰਾਂ ਆਦਿ ਛੋਟੇ ਵੱਡੇ ਵਾਹਨ ਦਿੱਲੀ, ਚੰਡੀਗੜ੍ਹ, ਅੰਬਾਲਾ, ਲੁਧਿਆਣਾ, ਜਲੰਧਰ, ਜੰਮੂ, ਸ੍ਰੀਨਗਰ ਤੋਂ ਇਲਾਵਾ ਹਿਮਾਚਲ ਦੇ ਕਈ ਸ਼ਹਿਰਾਂ ਨੂੰ ਆਉਂਦੇ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਇਸ ਪੁਲ ਉਪਰ ਟਰੈਫ਼ਿਕ ਦਿਨ ਰਾਤ ਚਲਦੀ ਰਹਿੰਦੀ ਹੈ ਜਿਸ ਕਰਕੇ ਇਸ ਪੁਲ ਦੀ ਸਾਫ਼ ਸਫ਼ਾਈ ਵੱਲ ਵਿਸ਼ੇਸ ਧਿਆਨ ਦੇਣ ਦੀ ਲੋੜ ਹੈ।

# ਪੇਪਰਫਰਾਈ ਵੱਲੋਂ ਲੁਧਿਆਣਾ 'ਚ ਧਮਾਕੇਦਾਰ ਦਸਤਕ

ਲੁਧਿਆਣਾ : ਮੋਹਰੀ ਈ-ਕਾਮਰਸ ਫਰਨੀਚਰ ਅਤੇ ਹੋਮਸ ਗੁੱਡਜ਼ ਕੰਪਨੀ ਪੇਪਰਫਰਾਈ ਨੇ ਲੁਧਿਆਣਾ, ਪੰਜਾਬ ਵਿੱਚ ਆਪਣਾ ਨਵਾਂ ਸਟੋਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਔਫਲਾਈਨ ਵਿਸਤਾਰ ਕੰਪਨੀ ਦੇ ਵਿਸ਼ੇਸ਼ ਬਾਜ਼ਾਰਾਂ ਵਿੱਚ ਪ੍ਰਵੇਸ਼ ਕਰਨਾ ਅਤੇ ਭਾਰਤ ਵਿੱਚ ਹੋਮ ਅਤੇ ਲਿਵਿੰਗ ਸਪੇਸ ਆਪਣੇ ਓਮਨੀ ਚੈਨਲ ਕੰਜ਼ਿਊਮਰ ਅੰਗੇਜਮੈਂਟ ਨੂੰ ਮਜ਼ਬੂਤ ਕਰਨ ਦਾ ਉਦੇਸ਼ ਹੈ।ਗਣਪਤੀ ਇਲੈਕਟ੍ਰੋਨਿਕਸ ਦੇ ਨਾਲ ਸਾਂਝੇਦਾਰੀ ਕਰਕੇ ਲਾਂਚ ਕੀਤਾ ਗਿਆ ਨਵਾਂ ਸਟੋਰ ਲੁਧਿਆਣਾ ਦੇ ਹੰਬੜਾਂ ਰੋਡ 'ਤੇ ਇੱਕ ਪ੍ਰਮੁੱਖ ਸਥਾਨ 'ਤੇ ਸਥਿਤ ਹੈ, ਜਿਸ ਦਾ ਕਾਰਪੈੱਟ ਏਰੀਆ 1400 ਵਰਗ ਫੁੱਟ ਹੈ।ਇਸ ਲਾਂਚ ਬਾਰੇ ਗੱਲ ਕਰਦੇ ਹੋਏ ਪੇਪਰਫਰਾਈ ਦੇ ਚੀਫ ਬਿਜ਼ਨੈਸ ਅਫਸਰ ਹੁਸੈਨ ਕੇਸਰੀ ਨੇ ਕਿਹਾ ਕਿ ਅਸੀਂ ਗਣਪਤੀ ਇਲੈਕਟ੍ਰਾਨਿਕਸ ਨਾਲ ਮਿਲ ਕੇ ਲੁਧਿਆਣਾ ਵਿੱਚ ਆਪਣਾ ਨਵਾਂ ਸਟੋਰ ਖੋਲ੍ਹ ਕੇ ਬਹੁਤ ਖੁਸ਼ ਹਾਂ।

